EDUCATING LITERATES
LALLY®
Infosys
Since 1997
Group of Institutions
ISO 9001-2015 Certified
Serving Society with Quality Education
STUDY ABROAD
LALLY BUILDING, BMC CHOWK
JALANDHAR 98889-00011

ਸੱਚ ਤੇ ਨਿਡਰ ਆਵਾਜ਼ ਰੋਜ਼ਾਨਾ

# ਲੋਕ ਬਾਣੀ

DAILY LOKBANI JALANDHAR
ਮੁੱਖ ਸੰਪਾਦਕ ਅਮਨਦੀਪ ਮਹਿਰਾ

ਬੁੱਧਵਾਰ 22 ਮਈ 2024

ਇਸ ਵਾਰ ਗਰਮੀ ਦੀਆਂ ਛੁੱਟੀਆਂ ਮਨਾਓ
ਕੈਨੇਡਾ
ਸ਼ੈਨੇਗਨ/ ਯੂ.ਕੇ./ ਆਸਟ੍ਰੇਲੀਆ ਟੂਰਿਸਟ ਵੀਜ਼ਾ
2700 ਵੀਜ਼ਾ
1 ਜਨਵਰੀ 2024 ਤੋਂ 2 ਮਈ 2024 ਤੱਕ ਲੱਗੇ
easyvisa
8194 828282

R.N.I.Punpun/29016/2008 * ਸਾਲ 16 * ਅੰਕ : 01 * ਮੁੱਲ ; 5.00 ਰੁਪਏ * ਕੁੱਲ ਪੇਜ਼ 10 * ਦਫਤਰ : 0181-2211009 * : M 99155-94111

ਇਸ ਵਾਰ ਗਰਮੀ ਦੀਆਂ ਛੁੱਟੀਆਂ ਮਨਾਓ
ਕੈਨੇਡਾ
ਸ਼ੈਨੇਗਨ/ ਯੂ.ਕੇ./ ਆਸਟ੍ਰੇਲੀਆ ਟੂਰਿਸਟ ਵੀਜ਼ਾ
2700 ਵੀਜ਼ਾ
1 ਜਨਵਰੀ 2024 ਤੋਂ 2 ਮਈ 2024 ਤੱਕ ਲੱਗੇ
easyvisa | 8194 828282

## ਪੰਜਾਬ ‘ਚ ਸੜਕ ਹਾਦਸੇ ਦੌਰਾਨ ਤਿੰਨ ਸਕੇ ਭੇਣ ਭਰਾ ਦੀ ਹੋਈ ਮੌਤ

ਫਿਰੋਜ਼ਪੁਰ, ਲੋਕ ਬਾਣੀ- - ਫ਼ਿਰੋਜ਼ਪੁਰ-ਫ਼ਾਜ਼ਿਲਕਾ ਮਾਰਗ ‘ਤੇ ਪਿੰਡ ਭੂਰੇ ਕਲਾਂ ਦੇ ਨਜ਼ਦੀਕ ਮੋਟਰਸਾਈਕਲ ‘ਤੇ ਸਵਾਰ ਹੋ ਕੇ ਜਾ ਰਹੇ ਤਿੰਨ ਸਕੇ ਭੈਣ ਭਰਾਵਾਂ ਤੇ ਛੋਟਾ ਟਰੱਕ( ਕੈਂਟਰ ) ਚੜ੍ਹ ਜਾਣ ਕਾਰਨ ਦੋ ਭੈਣਾਂ ਤੇ ਇਕ ਭਰਾ ਦੀ ਮੌਕੇ ‘ਤੇ ਹੀ ਮੌਤ ਹੋ ਗਈ। ਤਿੰਨੇ ਭੈਣ ਭਰਾ ਪਿੰਡ ਭੂਰੇ ਕਲਾਂ ਦੇ ਰਹਿਣ ਵਾਲੇ ਸਨ ਜੋ ਮੋਟਰਸਾਈਕਲ ‘ਤੇ ਸਵਾਰ ਹੋ ਕੇ ਜੰਗਾ ਵਾਲਾ ਮੋੜ ‘ਤੇ ਜਾ ਰਹੇ ਸਨ।

## ਜੰਮੂ ਕਸ਼ਮੀਰ ਵਿਚ ਕਿਸੇ ਖਾਸ ਨੂੰ ਵੋਟਾਂ ਪਾਉਣ ਲਈ ਧਮਕਾਇਆ ਜਾ ਰਿਹਾ ਹੈ - ਮਹਿਬੂਬਾਂ



ਸ੍ਰੀਨਗਰ, 21 ਮਈ- ਜੰਮੂ-ਕਸ਼ਮੀਰ ਦੀ ਸਾਬਕਾ ਮੁੱਖ ਮੰਤਰੀ ਮਹਿਬੂਬਾ ਮੁਫ਼ਤੀ ਨੇ ਦੋਸ਼ ਲਗਾਇਆ ਕਿ ਕੁਝ ਸਮੂਹ ਲੋਕ ਸਭਾ ਚੋਣਾਂ ‘ਚ ਕੁਝ ਖਾਸ ਉਮੀਦਵਾਰਾਂ ਨੂੰ ਵੋਟ ਪਾਉਣ ਲਈ ਧਮਕਾਉਣ ਅਤੇ ਲੋਕਾਂ ‘ਤੇ ਦਬਾਅ ਪਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਇਕ ਧੜੇ ਵਲੋਂ ਫਤਵੇ (ਧਾਰਮਿਕ ਹੁਕਮਰਾਨਾਂ) ਰਾਹੀਂ ਲੋਕਾਂ ਨੂੰ ਧਮਕਾਇਆ ਜਾ ਰਿਹਾ ਹੈ ਜਦਕਿ ਦੂਜਾ ਧੜਾ ਭਾਰਤੀ ਜਨਤਾ ਪਾਰਟੀ ਦੇ ਨਾਂਅ ‘ਤੇ ਧਮਕੀਆਂ ਦੇ ਰਿਹਾ ਹੈ। ਅੱਜ ਇਕ ਪ੍ਰੈਸ ਕਾਨਫ਼ਰੰਸ ਨੂੰ ਸੰਬੋਧਨ ਕਰਦਿਆਂ ਮੁਫ਼ਤੀ ਨੇ ਕਿਹਾ ਕਿ ਮੈਂ ਇੱਥੇ ਰਾਜੌਰੀ ਵਿਚ ਬਹੁਤ ਸਾਰੇ ਵਫ਼ਦਾਂ ਨਾਲ ਮੁਲਾਕਾਤ ਕੀਤੀ ਹੈ।

## ਕੋਵਿਡ ਦੇ ਨਵੇਂ ਵੇਰੀਐਂਟ ਵਾਲੇ ਮਰੀਜ਼ ਮਿਲੇ

ਚੰਡੀਗੜ੍ਹ, ਵਿਨੋਦ ਸ਼ਰਮਾ --ਸਿੰਗਾਪੁਰ ਵਿੱਚ ਕਹਿਰ ਵਰ੍ਹਾਉਣ ਵਾਲਾ ਕੋਵਿਡ ਦਾ ਨਵਾਂ ਵੇਰੀਐਂਟ KP.B ਅਤੇ KP.A, ਹੁਣ ਭਾਰਤ ਵਿੱਚ ਵੀ ਫੈਲਣਾ ਸ਼ੁਰੂ ਹੋ ਗਿਆ ਹੈ। ਅਧਿਕਾਰਤ ਅੰਕੜਿਆਂ ਅਨੁਸਾਰ ਭਾਰਤ ਵਿੱਚ KP.B ਦੇ 290 ਅਤੇ KP.A ਦੇ 34 ਮਾਮਲੇ ਸਾਹਮਣੇ ਆਏ ਹਨ। ਹਾਲਾਂਕਿ, ਕੇਂਦਰੀ ਸਿਹਤ ਮੰਤਰਾਲੇ ਦੇ ਇੱਕ ਸੂਤਰ ਨੇ ਪੀਟੀਆਈ ਨੂੰ ਦੱਸਿਆ ਕਿ ਇਹ ਸਾਰੇ JNA ਦੀਆਂ ਉਪ-ਕਿਸਮਾਂ ਹਨ।

## ਜਹਾਜ਼ ‘ਚ ਆਈ ਗੜਬੜੀ ਕਾਰਨ ਇਕ ਯਾਤਰੀ ਦੀ ਹੋਈ ਮੌਤ

ਬੈਂਕਾਕ,- ਲੰਡਨ-ਸਿੰਗਾਪੁਰ ਉਡਾਣ ‘ਚ ਭਿਆਨਕ ਗੜਬੜੀ ਆਉਣ ਕਾਰਨ ਇਕ ਵਿਅਕਤੀ ਦੀ ਮੌਤ ਹੋ ਗਈ। ਜਹਾਜ਼ ਨੂੰ ਬੈਂਕਾਕ ਵੱਲ ਮੋੜ ਦਿੱਤਾ ਗਿਆ, ਜਿੱਥੇ ਐਮਰਜੈਂਸੀ ਅਮਲੇ ਨੇ ਤੂਫ਼ਾਨੀ ਮੌਸਮ ਦੌਰਾਨ ਜ਼ਖ਼ਮੀ ਯਾਤਰੀਆਂ ਦੀ ਮਦਦ ਲਈ ਪਹੁੰਚ ਕੀਤੀ। ਏਅਰਲਾਈਨ ਨੇ ਕਿਹਾ ਕਿ ਜਹਾਜ਼ ਨੂੰ 211 ਯਾਤਰੀਆਂ ਅਤੇ 18 ਚਾਲਕ ਦਲ ਦੇ ਮੈਂਬਰਾਂ ਦੇ ਨਾਲ, ਦੁਪਹਿਰ 3:45 ਵਜੇ ਬੈਂਕਾਕ ਵਿਚ ਉਤਰਿਆ ਗਿਆ।

## ਪੰਜਾਬ ਵਿੱਚ ਸਾਰੇ ਪੁਲਿਸ ਅਧਿਕਾਰੀਆਂ ਤੇ ਕਰਮਚਾਰੀਆਂ ਦੀਆਂ ਛੁੱਟੀਆਂ ਦੋ ਜੂਨ ਤੱਕ ਬੰਦ



ਜਲੰਧਰ, ਹਰਬੰਸ ਬਿੱਟੂ- ਪੰਜਾਬ ਪੁਲੀਸ ਨੇ ਆਪਣੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੀਆਂ ਛੁੱਟੀਆਂ 2 ਜੂਨ ਤੱਕ ਬੰਦ ਕਰ ਦਿੱਤੀਆਂ ਗਈਆਂ ਹਨ। ਇਹ ਫੈਸਲਾ ਰਾਜ ਵਿਚ ਪਹਿਲੀ ਜੂਨ ਨੂੰ ਪੈ ਰਹੀਆਂ ਵੋਟਾਂ ਕਾਰਨ ਕੀਤਾ ਗਿਆ ਹੈ। ਉਚ ਪੁਲੀਸ ਅਧਿਕਾਰੀ ਨੇ ਦੱਸਿਆ ਕਿ ਸੂਬੇ ਵਿੱਚ ਅਮਨ ਕਾਨੂੰਨ ਸਥਿਤੀ ਕਾਇਮ ਰੱਖਣ ਲਈ ਹੁਕਮ ਜਾਰੀ ਕੀਤਾ ਹੈ। ਇਸ ਵਿੱਚ ਕਿਹਾ ਗਿਆ ਹੈ ਵਿਸ਼ੇਸ਼ ਸਥਿਤੀ ‘ਚ ਹੀ ਅਧਿਕਾਰ ਜਾ ਮੁਲਾਜ਼ਮ ਦੀ ਛੁੱਟੀ ਪ੍ਰਵਾਨ ਕੀਤੀ ਜਾਵੇਗੀ।

## ਮੋਦੀ ਦੀ ਪੰਜਾਬ ਫੇਰੀ ਕਿਸਾਨ ਮਹਾਂਪੰਚਾਇਤ ਨੇ ਕੀਤਾ ਵਿਰੋਧ ਕਰਨ ਦਾ ਐਲਾਨ



ਲੁਧਿਆਣਾ, ਸੁਖਚੈਨ ਮਹਿਰਾ- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪੰਜਾਬ ਫੇਰੀ ਤੋਂ ਦੋ ਦਿਨ ਪਹਿਲਾਂ ਸੰਯੁਕਤ ਕਿਸਾਨ ਮੋਰਚੇ ਨੇ ਜਗਰਾਉਂ ‘ਚ ਕਿਸਾਨ ਮਹਾਪੰਚਾਇਤ ਕਰਕੇ ਉਨ੍ਹਾਂ ਦੇ ਵਿਰੋਧ ਦਾ ਐਲਾਨ ਕਰ ਦਿੱਤਾ। ਵੱਡੀ ਗਿਣਤੀ ‘ਚ ਪਹੁੰਚੇ ਕਿਸਾਨਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਸੰਯੁਕਤ ਕਿਸਾਨ ਮੋਰਚੇ ਨਾਲ ਜੁੜੀਆਂ ਵੱਖ-ਵੱਖ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਪੰਜਾਬ ਦੀ ਧਰਤੀ ‘ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਸਵਾਗਤ ਨਹੀਂ ਹੋ ਸਕਦਾ।

## ਰਾਜੀਵ ਸ਼ੁਕਲਾ ਬੋਲੇ ਇੰਡੀਆ ਗਠਜੋੜ ਪੂਰੇ ਦੇਸ਼ ਵਿਚ ਹੋਇਆ ਚੋਣਾਂ ਚ ਅੱਗੇ ਹੈ




ਚੰਡੀਗੜ੍ਹ, ਵਿਨੋਦ ਸ਼ਰਮਾ- ਚੰਡੀਗੜ੍ਹ, 21 ਮਈ- ਕਾਂਗਰਸ ਨੇਤਾ ਰਾਜੀਵ ਸ਼ੁਕਲਾ ਨੇ ਗੱਲ ਕਰਦਿਆਂ ਕਿਹਾ ਕਿ ਸਾਨੂੰ ਸਾਰੇ ਰਾਜਾਂ ਤੋਂ ਰਿਪੋਰਟਾਂ ਮਿਲ ਰਹੀਆਂ ਹਨ ਕਿ 2019 ਦੇ ਮੁਕਾਬਲੇ ਭਾਜਪਾ ਦੀਆਂ ਸੀਟਾਂ ਘੱਟ ਰਹੀਆਂ ਹਨ ਅਤੇ ਇੰਡੀਆ ਗਠਜੋੜ ਚੋਣਾਂ ਦੇ ਸਾਰੇ ਪੰਜ ਪੜਾਵਾਂ ਵਿਚ ਅੱਗੇ ਹੈ। ਉਨ੍ਹਾਂ ਕਿਹਾ ਕਿ ਇੰਝ ਭਾਜਪਾ ਦੀ ਸਰਕਾਰ ਕਿਵੇਂ ਬਣੇਗੀ।

DIPS INSTITUTIONS
CHAIN OF DIPS INSTITUTIONS
KNOWLEDGE IS POWER
DIPS IMT
DIPS INSTITUTE OF MANAGEMENT & TECHNOLOGY
RAMNEEK AVENUE, PATHANKOT BYE PASS
JALANDHAR CITY
www.dipsimt@gmail.com (dipsimt@gmail.com)
CONTACT : 95010-00697, 97806-00998

ਪੰਜਾਬ ਦੇ ਹਰ ਜਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖਬਾਰ ਲਈ
ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਪੰਜਾਬ ਦੇ 10 ਜਿਲਾਂ ਵਿੱਚ ਜਾਰੀ ਅਲਰਟ, ਜਾਣੋ ਆਉਣ ਵਾਲੇ ਦਿਨਾਂ ਵਿੱਚ ਕੈਸਾਗਾ ਮੌਸਮ



ਚੰਡੀਗੜ, ਲੋਕ ਬਾਣੀ ਨਿਊਜ਼: ਪੰਜਾਬ ਵਿੱਚ ਗਰਮੀ ਦਾ ਕਹਿਰ ਚਰਣ ਸੀਮਾ ਹੈ। ਪੰਜਾਬ ਦੇ ਸਾਰੇ ਸਕੂਲਾਂ ਵਿੱਚ 21 ਮਈ ਤੋਂ 30 ਜੂਨ ਤੱਕ ਬੱਚਿਆਂ ਦੀਆਂ ਛੁੱਟੀਆਂ ਹੋਣਗੀਆਂ।

ਉਹੀਂ, ਭਾਰਤੀ ਮੌਸਮ ਵਿਭਾਗ ਨੇ ਦਿੱਲੀ, ਰਾਜਸਥਾਨ, ਚੰਡੀਗੜ, ਪੰਜਾਬ, ਹਰਿਆਣਾ ਅਤੇ ਚੰਡੀਗੜ ਲਈ ਵੀਸ਼ਣ ਗਰਮੀ ਦੀ ਸਥਿਤੀ ਲਈ ਰੈਡ ਅਲਰਟ ਜਾਰੀ ਕੀਤਾ ਗਿਆ ਹੈ। 20 ਮਈ ਤੋਂ 23 ਮਈ ਤੋਂ ਤੱਕ ਦਿੱਲੀ, ਪੰਜਾਬ, ਚੰਡੀਗੜ ਅਤੇ ਹਰਿਆਣਾ ਲਈ ਅਲਰਟ ਜਾਰੀ ਕੀਤਾ ਗਿਆ ਹੈ।

ਹੀਟ ਵੇਵ ਦੇ ਕਾਰਨ ਹੀ ਪੰਜਾਬ ਦੇ 10 ਜਿਲਾਂ ਨੂੰ ਰੈੱਡ ਅਲਰਟ ਵਿੱਚ ਜਾਰੀ ਕੀਤਾ ਗਿਆ ਹੈ, ਲੋਕ ਮੇਰਾ ਅੰਮ੍ਰਿਤਸਰ ਅਤੇ ਤਰਨਤਾਰਨ ਦੇ ਇਲਾਵਾ ਪੱਛਮੀ ਮਾਲਵਾ ਕੇ ਫਿਰੋਜਪੁਰ, ਫਾਜਿਲਕਾ, ਫਰੀਦਕੋਟ, ਮੁਕਤਸਰ, ਮੋਗਾ, ਬਠਿੰਡਾ, ਬਰਨਾਲਾ ਅਤੇ ਮਾਨਸਾ ਸ਼ਾਮਲ ਹੈ। ਉਹੀਂ, ਪੰਜਾਬ ਦੇ ਬਠਿੰਡੇ ਦਾ ਤਾਪਮਾਨ ਦੂਜਾ ਰਾਜ ਵੀ ਸਭ ਤੋਂ ਵੱਧ ਰਿਹਾ ਹੈ। ਸੋਮਵਾਰ ਬਠਿੰਡਾ ਦਾ ਅਧਿਕਤਮ ਤਾਪਮਾਨ 46.7 ਡਿਗਰੀ ਦਰਜ ਕੀਤਾ ਗਿਆ ਹੈ।

# ਸ਼ਰਾਬ ਕਾਰੋਬਾਰੀ ਡੋਡਾ ਦੇ ਕਰਿੰਦੇ ਸਰਤਾਜ ਨੇ ਫਿਰ ਕੀਤੀ ਮਾਰਪੀਟ, ਲਗੇ ਗੰਭੀਰ ਆਰੋਪ

ਹੁਸ਼ਿਆਰਪੁਰ, ਲੋਕ ਬਾਣੀ ਨਿਊਜ਼: ਕਰਿੰਦੇ ਸਰਤਾਜ ਇੱਕ ਵਾਰ ਫਿਰ ਸੁਰਖੀਆਂ ਵਿੱਚ ਹੈ, ਜਿਸ ਨੇ ਹੁਸ਼ਿਆਰਪੁਰ ਦੇ ਮਸ਼ਹੂਰ ਸ਼ਰਾਬ ਕਾਰੋਬਾਰੀ ਦੀਪ ਮਲਹੋਤਰਾ ਦਾ ਕਤਲ ਕੀਤਾ ਸੀ। ਦਰਅਸਲ ਹੁਸ਼ਿਆਰਪੁਰ ਦੇ ਇਕ ਸਰਕਲ 'ਚ ਠੇਕਾ ਰੱਖਣ ਵਾਲੇ ਸ਼ਰਾਬ ਕਾਰੋਬਾਰੀ ਸ਼ਿਵ ਲਾਲ ਡੋਡਾ ਨੇ ਸਰਤਾਜ ਨੂੰ ਸ਼ਰਾਬ ਦੇ ਕਾਰੋਬਾਰ ਦੀ ਕਮਾਨ ਸੌਂਪੀ ਹੈ। ਤੁਹਾਨੂੰ ਦੱਸ ਦੇਈਏ ਕਿ ਭੀਮ ਟਾਂਕ ਕਤਲ ਕੇਸ ਵਿੱਚ ਸ਼ਿਵ ਲਾਲ ਡੋਡਾ ਦਾ ਨਾਮ ਪ੍ਰਮੁੱਖਤਾ ਨਾਲ ਆਇਆ ਸੀ। ਬੀਤੇ ਦਿਨ ਸਰਤਾਜ ਨੇ ਆਪਣੇ ਕੁਝ ਸਾਥੀਆਂ ਨਾਲ ਮਿਲ ਕੇ ਸੰਜੀਵ ਦੁੱਗਲ ਨਾਂ ਦੇ ਨੌਜਵਾਨ ਦੀ ਕੁੱਟਮਾਰ ਕੀਤੀ ਅਤੇ ਉਸ ਦਾ ਸਕੂਟਰ ਖੋਹ ਲਿਆ। ਮੁਲਜ਼ਮਾਂ ਨੇ ਪੁਲੀਸ ਕੋਲ ਸ਼ਿਕਾਇਤ ਦਰਜ ਕਰਵਾਈ ਅਤੇ ਮੁਲਜ਼ਮ ਸਰਤਾਜ ਸਿੰਘ, ਦਵਿੰਦਰ ਸਿੰਘ, ਜੱਸਾ, ਪਾਲਾ ਅਤੇ ਸਲੀਮ 'ਤੇ



ਉਸ ਦੀ ਕੁੱਟਮਾਰ ਕਰਨ ਦੇ ਨਾਲ-ਨਾਲ ਜਾਨੋਂ ਮਾਰਨ ਦੀਆਂ ਧਮਕੀਆਂ ਵੀ ਦਿੱਤੀਆਂ।

ਸ਼ਿਕਾਇਤਕਰਤਾ ਦਾ ਕਹਿਣਾ ਹੈ ਕਿ ਜਦੋਂ ਉਹ ਆਪਣੇ ਬੱਚੇ ਦੀ ਟਿਊਸ਼ਨ ਛੱਡ ਕੇ ਘਰ ਪਰਤ ਰਿਹਾ ਸੀ ਤਾਂ ਸਰਤਾਜ ਅਤੇ ਉਸ ਦੇ ਸਾਥੀਆਂ ਨੇ ਉਸ ਨੂੰ ਰੋਕ ਲਿਆ, ਉਸ ਦੇ ਸਕੂਟਰ ਦੀ ਤਲਾਸ਼ੀ ਲਈ ਅਤੇ ਡੰਡੇ ਨਾਲ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ। ਇਸ ਤੋਂ ਬਾਅਦ ਉਹ ਉਸਦਾ ਸਕੂਟਰ ਲੈ ਕੇ ਭੱਜ ਗਏ।

ਕੁੱਟਮਾਰ ਤੋਂ ਬਾਅਦ ਪਰਿਵਾਰ ਵਾਲਿਆਂ ਨੇ ਉਸ ਦਾ ਸਿਵਲ ਹਸਪਤਾਲ ਵਿਖੇ ਇਲਾਜ ਕਰਵਾਇਆ। ਸੰਜੀਵ ਦੁੱਗਲ ਨੇ ਦੱਸਿਆ ਕਿ ਇਸ ਸਾਰੀ ਘਟਨਾ ਦੀ ਸੀਸੀਟੀਵੀ ਫੁਟੇਜ ਵੀ ਐਸਡੀਐਮ ਦਫ਼ਤਰ ਵਿੱਚ ਜਮ੍ਹਾਂ ਕਰਵਾ ਦਿੱਤੀ ਗਈ ਹੈ, ਜਿਸ ਦੇ ਆਧਾਰ 'ਤੇ ਪੁਲੀਸ ਮੁਲਜ਼ਮਾਂ ਖ਼ਿਲਾਫ਼ ਕੇਸ ਦਰਜ ਕਰਕੇ ਜਾਂਚ ਕਰ ਸਕਦੀ ਹੈ। ਸੰਜੀਵ ਦੁੱਗਲ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਇਨ੍ਹਾਂ ਵਿਅਕਤੀਆਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇ।

# ਧਰਮ ਬਦਲਿਆ ਹੁਣ ਪੰਜਾਬ ਦੇ ਹੁਸ਼ਿਆਰਪੁਰ ਤੋਂ ਚੋਣ ਲੜਣਗੇ ਤਾਮਿਲ ਸਿੱਖ ਜੀਵਨ ਸਿੰਘ

ਹੁਸ਼ਿਆਰਪੁਰ, ਲੋਕ ਬਾਣੀ ਨਿਊਜ਼: 51 ਸਾਲਾ ਜੀਵਨ ਸਿੰਘ, ਜੋ ਕਿ ਸੁਪਰੀਮ ਕੋਰਟ ਦੇ ਵਕੀਲ ਹਨ, ਇਸ ਸਮੇਂ ਪੰਜਾਬ ਵਿੱਚ ਹਨ। ਉਹ ਹੁਸ਼ਿਆਰਪੁਰ ਸੀਟ ਤੋਂ ਬਹੁਜਨ ਦ੍ਰਵਿੜ ਪਾਰਟੀ ਦੇ ਉਮੀਦਵਾਰ ਵਜੋਂ ਚੋਣ ਲੜ ਚੁੱਕੇ ਹਨ। ਆਓ ਜਾਣਦੇ ਹਾਂ ਉਨ੍ਹਾਂ ਦੇ ਆਪਣੇ ਸ਼ਬਦਾਂ 'ਚ ਕਿ ਉਨ੍ਹਾਂ ਨੇ ਇਹ ਰਸਤਾ ਕਿਉਂ ਚੁਣਿਆ

ਤਾਮਿਲਨਾਡੂ ਦੇ ਜੀਵਨ ਸਿੰਘ ਨੂੰ ਪਹਿਲਾਂ ਜੀਵਨ ਕੁਮਾਰ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਉਹ ਹਾਲ ਹੀ ਵਿਚ ਸਿੱਖ ਧਰਮ ਵਿਚ ਸ਼ਾਮਲ ਹੋਇਆ ਹੈ ਅਤੇ ਇਸ ਨੂੰ ਪੂਰੀ ਤਰ੍ਹਾਂ ਅਪਨਾ ਲਿਆ ਹੈ। ਉਨ੍ਹਾਂ ਕਿਹਾ ਕਿ ਜੇਕਰ ਮੈਂ ਇੱਥੋਂ ਸੰਸਦ ਮੈਂਬਰ ਚੁਣਿਆ ਜਾਂਦਾ ਹਾਂ ਤਾਂ ਸਿੱਖ ਕੈਦੀਆਂ ਦੀ ਰਿਹਾਈ ਬਾਰੇ ਸੰਸਦ ਵਿੱਚ ਮੁੱਦਾ ਉਠਾਵਾਂਗਾ, ਜੋ ਕਿ ਪੰਜਾਬ ਦਾ ਸਭ ਤੋਂ ਵੱਡਾ ਮੁੱਦਾ ਹੈ। ਬਾਕੀ ਸਭ ਕੁਝ ਨੀਤੀ 'ਤੇ ਨਿਰਭਰ ਕਰਦਾ ਹੈ।

ਉਨ੍ਹਾਂ ਕਿਹਾ ਕਿ ਹੁਸ਼ਿਆਰਪੁਰ ਇੱਕ ਪੁਰਾਤਨ ਸ਼ਹਿਰ ਹੈ, ਜਿੱਥੇ ਕਾਂਸ਼ੀ ਰਾਮ 1996 ਵਿੱਚ ਰਹਿੰਦੇ ਸਨ। ਉਨ੍ਹਾਂ ਕਿਹਾ ਕਿ ਉਹ ਕਾਂਸ਼ੀ ਰਾਮ ਦੇ ਅੰਦੋਲਨ ਨੂੰ ਮੁੜ ਸ਼ੁਰੂ ਕਰਨਾ ਚਾਹੁੰਦੇ ਹਨ, ਇਸ ਲਈ ਮੈਂ ਕੰਨਿਆਕੁਮਾਰੀ ਤੋਂ ਹੁਸ਼ਿਆਰਪੁਰ ਆਇਆ ਹਾਂ। ਉਨ੍ਹਾਂ ਕਿਹਾ ਕਿ ਸਿੱਖ ਦਾ ਅਰਥ ਹੈ ਸੇਵਾ ਹੁਣ ਮੇਰੇ ਨਾਲ 40 ਦੇ ਕਰੀਬ ਲੋਕ ਰਹਿ ਰਹੇ ਹਨ ਅਤੇ ਉਨ੍ਹਾਂ ਨੂੰ ਭੋਜਨ ਦੀ ਚਿੰਤਾ ਨਹੀਂ ਹੈ। ਲੋਕ ਉਨ੍ਹਾਂ ਨੂੰ ਖਾਣਾ ਵੀ ਦੇ ਰਹੇ ਹਨ। ਜੀਵਨ ਸਿੰਘ ਅਤੇ ਉਸਦੇ ਕੁਝ ਦੋਸਤ ਰਾਏਪੁਰ, ਹੁਸ਼ਿਆਰਪੁਰ ਦੇ ਇੱਕ ਗੁਰਦੁਆਰੇ ਵਿੱਚ ਰਹਿ ਰਹੇ ਹਨ ਅਤੇ ਇੱਥੋਂ ਚੋਣ ਪ੍ਰਚਾਰ ਕਰ ਰਹੇ ਹਨ।

ਉਨ੍ਹਾਂ ਕਿਹਾ ਕਿ ਉੱਤਰ ਪ੍ਰਦੇਸ਼, ਤਾਮਿਲਨਾਡੂ ਅਤੇ ਰਾਜਸਥਾਨ ਵਾਂਗ ਪੰਜਾਬ ਵਿੱਚ ਜਾਤੀ ਦਾ ਕੋਈ ਮੁੱਦਾ ਨਹੀਂ ਹੈ। ਉਂਜ ਉਹ ਪੰਜਾਬ ਦੇ ਸਿੱਖਾਂ ਨਾਲ ਵੀ ਕੁਝ ਨਾਰਾਜ਼ ਹੈ ਕਿਉਂਕਿ ਪੰਜਾਬ ਅਤੇ ਹਰਿਆਣਾ ਵਿੱਚ ਕਈ ਤਰ੍ਹਾਂ ਦੀਆਂ ਹਰਕਤਾਂ ਹੋ ਰਹੀਆਂ ਹਨ। ਮੈਨੂੰ ਸਮਝ ਨਹੀਂ ਆ ਰਿਹਾ ਕਿ ਅਜਿਹਾ ਕਿਉਂ ਹੋ ਰਿਹਾ ਹੈ। ਸਿੱਖ ਦਾ ਅਰਥ ਹੈ ਰਾਜਾ। ਰਾਜਾ ਤਾਂ ਦੇਣ ਵਾਲਾ ਸੀ, ਮੰਗਦਾ ਕਿਵੇਂ ਰਹਿ ਸਕਦਾ ਸੀ ?

ਉਨ੍ਹਾਂ ਕਿਹਾ ਕਿ ਮੈਂ ਪਿਛਲੇ ਸਾਲ ਜਨਵਰੀ ਵਿੱਚ ਕੈਪਟਿਵੇਟਿੰਗ ਦਿ ਸਿੰਪਲ ਹਾਰਟਡ: ਏ ਸਟ੍ਰਗਲ ਫਾਰ ਹਿਊਮਨ ਡਿਗਨਿਟੀ ਇਨ ਦਾ ਇੰਡੀਅਨ ਸਬਕੌਂਟੀਨੈਂਟ ਨਾਂ ਦੀ ਕਿਤਾਬ ਪੜ੍ਹ ਕੇ ਸਿੱਖ ਧਰਮ ਅਪਨਾ ਲਿਆ ਸੀ। ਉਨ੍ਹਾਂ ਕਿਹਾ, ਮੈਂ ਇਸ ਕਿਤਾਬ ਦਾ ਤਮਿਲ ਵਿੱਚ ਅਨੁਵਾਦ ਕੀਤਾ।

# ਪੰਜਾਬ 'ਚ ਅੱਤ ਦੀ ਗਰਮੀ ਕਾਰਨ ਲੋਕਾਂ ਦੀ ਹਾਲਤ ਖਰਾਬ, 1 ਦੀ ਮੌਤ, 4 ਲੋਕ ਬੇਹੋਸ਼



ਚੰਡੀਗੜ , ਲੋਕ ਬਾਣੀ ਨਿਊਜ਼: ਪੰਜਾਬ ਵਿੱਚ ਵਧਦੀ ਗਰਮੀ ਦੇ ਕਾਰਨ ਜਿੱਥੇ ਇੱਕ ਤਰਫ ਸਕੂਲਾਂ ਵਿੱਚ ਛੁੱਟੀਆਂ ਦਾ ਏਲਾਨ ਕੀਤਾ ਗਿਆ ਹੈ ਉਹ ਮੌਸਮ ਵਿਭਾਗ ਨੇ ਰਾਜ ਦੇ 10 ਜਿਲ੍ਹੇ ਵਿੱਚ ਹੀਟ ਵੇਵ ਦਾ ਰੈਂਡ ਅਲਰਟ ਜਾਰੀ ਕੀਤਾ ਹੈ। ਵਿਭਾਗ ਦੇ ਅਨੁਸਾਰ, ਅਗਲੇ ਕੁਝ ਦਿਨਾਂ ਤੱਕ ਲੋਕਾਂ ਨੂੰ ਗਰਮੀ ਤੋਂ ਰਾਹਤ ਮਿਲਣ ਦੀ ਸੰਭਾਵਨਾ ਨਹੀਂ ਹੈ। ਉਹੀਂ, ਗਰਮੀ ਦਾ ਕਹਿ ਇਸ ਕਦਰ ਬਰਸ ਰਹਾ ਹੈ ਕਿ ਬਠਿੰਡਾ ਵਿਚ ਇਕ ਵਿਅਕਤੀ ਦੀ ਮੌਤ ਹੋ ਗਈ। 4 ਲੋਕ ਗਰਮੀ ਦੇ ਕਾਰਨ ਬੇਹੋ ਹੋ ਗਏ ਹਨ। ਪੰਜਾਬ ਦਾ ਮੌਸਮ ਆਮ ਨਾਲੋਂ ਜ਼ਿਆਦਾ ਗਰਮ ਹੈ।

ਪੰਜਾਬ ਵਿੱਚ ਬਠਿੰਡੇ ਦਾ ਤਾਪਮਾਨ 46.7 ਡਿਗਰੀ ਦੇ ਨਾਲ ਦੂਜਾ ਦਿਨ ਵੀ ਸਭ ਤੋਂ ਵੱਧ ਰਿਹਾ ਹੈ। ਉਹੀਂ ਅੰਮ੍ਰਿਤਸਰ ਵਿੱਚ ਅਧਿਕਤਮ ਤਾਪਮਾਨ 44.5 ਡਿਗਰੀ, ਜਾਲੰਧਰ- ਜਿਲੇ ਵਿੱਚ 44 ਡਿਗਰੀ, ਲੁਡਿਆਨਾ ਵਿੱਚ 43.6 ਡਿਗਰੀ, ਪਟਿਆਲਾ ਵਿੱਚ 43.5 ਡਿਗਰੀ, ਮੋਹਾਲੀ ਵਿੱਚ 42.5 ਡਿਗਰੀ ਦਰਜ ਕੀਤਾ ਗਿਆ। ਵਿਭਾਗ ਦਾ ਕਹਿਣਾ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਤਾਪਮਾਨ 47 ਡਿਗਰੀ ਤੱਕ ਪਹੁੰਚ ਸਕਦਾ ਹੈ।

# PM Modi ਦੇ ਖਿਲਾਫ ਹੋਏ ਪੰਜਾਬ ਦੇ ਕਿਸਾਨ, ਰੈਲੀ ਦਾ ਕਰਨਗੇ ਵਿਰੋਧ

ਪਟਿਆਲਾ, ਲੋਕ ਬਾਣੀ ਨਿਊਜ਼: ਪੰਜਾਬ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਰੈਲੀ ਤੋਂ ਪਹਿਲਾਂ ਇੱਕ ਵੱਡੀ ਖ਼ਬਰ ਸਾਹਮਣੇ ਆ ਰਹੀ ਹੈ। ਦਰਅਸਲ, ਭਾਰਤੀ ਕਿਸਾਨ ਯੂਨੀਅਨ ਉਗਰਾਹਾ ਨੇ ਆਪਣੀ ਰੈਲੀ ਤੋਂ ਪਹਿਲਾਂ ਪੀਐਮ ਮੋਦੀ ਦੇ ਖਿਲਾਫ ਪ੍ਰਦਰਸ਼ਨ ਦਾ ਐਲਾਨ ਕੀਤਾ ਹੈ। ਦੱਸ ਦੇਈਏ ਕਿ ਭਾਜਪਾ ਉਮੀਦਵਾਰ ਪ੍ਰਨੀਤ ਕੌਰ ਦੇ ਹੱਕ ਵਿੱਚ ਪੀਐਮ ਮੋਦੀ 23 ਮਈ ਨੂੰ ਪਟਿਆਲਾ ਆ ਰਹੇ ਹਨ।



ਬਰਨਾਲਾ ਵਿੱਚ ਸੂਬਾਈ ਮੀਟਿੰਗ ਤੋਂ ਬਾਅਦ ਕਿਸਾਨ ਯੂਨੀਅਨ ਵੱਲੋਂ ਐਲਾਨ ਕੀਤਾ ਗਿਆ ਹੈ ਕਿ ਕਿਸਾਨ 23 ਮਈ ਨੂੰ ਪਟਿਆਲਾ ਵਿੱਚ ਹੋਣ ਵਾਲੀ ਭਾਜਪਾ ਦੀ ਰੈਲੀ ਦਾ ਵਿਰੋਧ ਕਰਨਗੇ। ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਕਿ ਪ੍ਰਸ਼ਾਸਨ ਉਨ੍ਹਾਂ ਨੂੰ ਰੋਕਣ ਲਈ ਉਨ੍ਹਾਂ ਦੇ ਘਰਾਂ ਦੀ ਤਲਾਸ਼ੀ ਲੈ ਸਕਦਾ ਹੈ ਪਰ ਉਹ ਸੁਚੇਤ ਰਹਿਣਗੇ ਅਤੇ ਕਿਸੇ ਵੀ ਕੀਮਤ 'ਤੇ ਰੋਸ ਪ੍ਰਦਰਸ਼ਨ ਕਰਨਗੇ।

ਕਿਸਾਨ ਯੂਨਾਈਟਿਡ ਮੋਰਚਾ ਦਾ ਕਹਿਣਾ ਹੈ ਕਿ ਪਿਛਲੇ 10 ਸਾਲਾਂ ਤੋਂ ਕਿਸਾਨਾਂ ਦੀਆਂ ਕਈ ਮੰਗਾਂ ਪੂਰੀਆਂ ਨਹੀਂ ਕੀਤੀਆਂ ਗਈਆਂ, ਇਸ ਲਈ ਉਨ੍ਹਾਂ ਵੱਲੋਂ ਪਟਿਆਲਾ ਵਿੱਚ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਭਰ ਦੀਆਂ ਕਿਸਾਨ ਜਥੇਬੰਦੀਆਂ ਇਸ ਵਿੱਚ ਸ਼ਮੂਲੀਅਤ ਕਰਕੇ ਪ੍ਰਧਾਨ ਮੰਤਰੀ ਦਾ ਪੂਰੇ ਜ਼ੋਰ-ਸ਼ੋਰ ਨਾਲ ਵਿਰੋਧ ਕਰਨਗੀਆਂ।

# ਆਪ ਵਲੋਂ ਭਗਤ ਰਵਿਦਾਸ ਚੌਂਕ ਵਿਖੇ ਰੱਖੀ ਨੁੱਕੜ ਮੀਟਿੰਗ ਨੇ ਧਾਰਿਆ ਵਿਸ਼ਾਲ ਰੈਲੀ ਦਾ ਰੂਪ

## ਗੁਰੂ ਨਗਰੀ ਵਿੱਚ ਜਲਦ ਕਰੋੜਾਂ ਰੁਪਏ ਦੀ ਲਾਗਤ ਨਾਲ ਸ਼ੁਰੂ ਹੋਣ ਜਾ ਰਿਹਾ ਵਾਈਟ ਸਿਟੀ ਦਾ ਪ੍ਰੋਜੈਕਟ - ਹਰਜੋਤ ਸਿੰਘ ਬੈਂਸ, ਮਾਲਵਿੰਦਰ ਸਿੰਘ ਕੰਗ ਸ਼੍ਰੀ ਅਨੰਦਪੁਰ ਸਾਹਿਬ ਤੋਂ ਵੱਡੀ ਲੀਡ ਨਾਲ ਜਿੱਤ ਪ੍ਰਾਪਤ ਕਰਨਗੇ - ਬੈਂਸ




ਸ਼੍ਰੀ ਅਨੰਦਪੁਰ ਸਾਹਿਬ 21 ਮਈ (ਦਵਿੰਦਰਪਾਲ ਸਿੰਘ): ਬੀਤੇ ਦਿਨੀਂ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਮਾਲਵਿੰਦਰ ਸਿੰਘ ਕੰਗ ਲਈ ਹਲਕੇ ਸ਼੍ਰੀ ਅਨੰਦਪੁਰ ਸਾਹਿਬ ਦੇ ਵੱਖ ਵੱਖ ਪਿੰਡਾਂ ਵਿੱਚ ਚੋਣ ਪ੍ਰਚਾਰ ਕੀਤਾ ਗਿਆ ਤੇ ਹਰ ਪਿੰਡ ਵਿੱਚ ਕੈਬਨਿਟ ਮੰਤਰੀ ਬੈਂਸ ਅਤੇ ਮਾਲਵਿੰਦਰ ਸਿੰਘ ਕੰਗ ਦਾ ਜੋਰਾਂ ਸ਼ੋਰਾਂ ਨਾਲ ਸੁਆਗਤ ਵੀ ਕੀਤਾ ਗਿਆ।ਬੀਤੀ ਦੇਰ ਸ਼ਾਮ ਭਗਤ ਰਵਿਦਾਸ ਚੋਂਕ ਵਿਖੇ ਰੱਖੀ ਨੁੱਕੜ ਮੀਟਿੰਗ ਨੇ ਵਿਸ਼ਾਲ ਰੈਲੀ ਦਾ ਰੂਪ ਧਾਰਨ ਕਰ ਲਿਆ ਤੇ ਹਜ਼ਾਰਾਂ ਲੋਕ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਤੇ ਮਾਲਵਿੰਦਰ ਸਿੰਘ ਕੰਗ ਨੂੰ ਸੁਣਨ ਲਈ ਪ੍ਰੋਗਰਾਮ ਵਿੱਚ ਪਹੁੰਚੇ।ਬੀਤੀ ਸ਼ਾਮ ਹੋਏ ਇਸ ਵੱਡੇ ਇਕੱਠ ਨੇ ਵਿਰੋਧੀਆਂ ਦੀਆਂ ਨੀਦਰਾਂ ਉਡਾ ਦਿੱਤੀਆਂ।ਇਸ ਮੋਕੇ ਪ੍ਰੋਗਰਾਮ ਵਿੱਚ ਵੱਡੀ ਤਦਾਦ ਵਿੱਚ ਮੋਜੂਦ ਲੋਕਾਂ ਨੇ ਫੁੱਲਾਂ ਦੀ ਵਰਖਾ ਕਰਕੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਤੇ ਮਾਲਵਿੰਦਰ ਸਿੰਘ ਕੰਗ ਦਾ ਸੁਆਗਤ ਕੀਤਾ।ਇਸ ਮੋਕੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਲੋਕਾਂ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਅੱਜ ਸਿਰਫ ਇੱਥੇ ਇੱਕ ਨੁੱਕੜ ਮੀਟਿੰਗ ਰੱਖੀ ਗਈ ਸੀ ਪ੍ਰੰਤੂ ਇਸ ਮੀਟਿੰਗ ਨੇ ਕਦੋਂ ਵਿਸ਼ਾਲ ਰੈਲੀ ਦਾ ਰੂਪ ਧਾਰਨ ਕਰ ਲਿਆ ਪਤਾ ਹੀ ਨਹੀਂ ਲੱਗਿਆ।ਉਨਾਂ ਕਿਹਾ ਕਿ ਆਪ ਸਭ ਵੱਲੋਂ ਦਿੱਤੇ ਜਾਂਦੇ ਮਾਣ,ਪਿਆਰ ਤੇ ਸਤਿਕਾਰ ਦਾ ਮੈਂ ਹਮੇਸ਼ਾ ਰਿਣੀ ਰਹਾਂਗਾ।ਉਨਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਜੋ ਵਾਅਦੇ ਚੋਣਾਂ ਤੋਂ ਪਹਿਲਾਂ ਕੀਤਾ ਗਏ ਸੀ ਉਨਾਂ ਵਿੱਚ ਲਗਭਗ ਸਾਰੇ ਵਾਅਦੇ ਸਿਰਫ 2 ਸਾਲਾਂ ਵਿੱਚ ਹੀ ਪੂਰੇ ਕਰ ਦਿੱਤੇ ਗਏ ਹਨ ਤੇ ਰਹਿੰਦੇ ਵਾਅਦੇ ਵੀ ਜਲਦ ਪੂਰਾ ਹੋਣਗੇ। ਉਨਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਲੋਕ ਸਭਾ ਹਲਕਾ ਸ਼੍ਰੀ ਅਨੰਦਪੁਰ ਸਾਹਿਬ ਤੋਂ ਉਮੀਦਵਾਰ ਮਾਲਵਿੰਦਰ ਸਿੰਘ ਕੰਗ ਨੂੰ ਭਾਰੀ ਬਹੁਮਤ ਨਾਲ ਜਿਤਾਉਣਾ ਸਾਡਾ ਫਰਜ ਹੈ ਤਾਂ ਜੋ ਕੰਗ ਆਪਣੇ ਹਲਕੇ ਦੇ ਨਾਲ ਨਾਲ ਸੂਬੇ ਦੀਆਂ ਸਮੱਸਿਆਵਾਂ ਨੂੰ ਦੇਸ਼ ਦੀ ਸਭ ਤੋਂ ਵੱਡੀ ਪੰਚਾਇਤ ਲੋਕ ਸਭਾ ਵਿੱਚ ਜਾ ਕੇ ਉੱਚੀ ਅਵਾਜ ਵਿੱਚ ਚੁੱਕ ਸਕਣ।ਉਨਾਂ ਕਿਹਾ ਕਿ ਅੱਜ ਦੇ ਇਸ ਇਕੱਠ ਨੇ ਮਾਲਵਿੰਦਰ ਸਿੰਘ ਕੰਗ ਦੀ ਜਿੱਤ ਨੂੰ ਯਕੀਨੀ ਬਣਾ ਦਿੱਤਾ ਹੈ।

ਇਸ ਮੌਕੇ ਲੋਕ ਸਭਾ ਹਲਕਾ ਸ਼੍ਰੀ ਅਨੰਦਪੁਰ ਸਾਹਿਬ ਦੇ ਉਮੀਦਵਾਰ ਮਾਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਉਹ ਆਪਣੇ ਆਪ ਨੂੰ ਬੜਾ ਭਾਗਾਂ ਵਾਲੇ ਸਮਝਦੇ ਹਨ ਜਿਨਾਂ ਨੂੰ ਪਾਰਟੀ ਵੱਲੋਂ ਇਸ ਮਹਾਨ ਪਾਵਨ ਪਵਿੱਤਰ ਧਰਤੀ ਦੀ ਸੇਵਾ ਕਰਨ ਦਾ ਮੌਕਾ ਦਿੱਤਾ, ਉਨਾਂ ਕਿਹਾ ਕਿ ਹੁਣ ਤੱਕ ਜਿੰਨੇ ਮੈਂਬਰ ਪਾਰਲੀਮੈਂਟ ਲੋਕਾਂ ਨੇ ਬਣਾਏ ਉਹ ਹਲਕੇ ਦੇ ਲੋਕਾਂ ਨਾਲ ਹਮੇਸ਼ਾ ਹੀ ਧ੍ਰੋਹ ਕਮਾਉਂਦੇ ਰਹੇ, ਉਨਾਂ ਕਿਹਾ ਕਿ ਕਾਂਗਰਸ ਤੇ ਅਕਾਲੀ ਦਲ ਦੋਵਾਂ ਦੇ ਮੈਂਬਰ ਪਾਰਲੀਮੈਂਟ ਇੱਥੋਂ ਜਿੱਤ ਚੁੱਕੇ ਹਨ ਪ੍ਰੰਤੂ ਕਿਸੇ ਨੇ ਹਲਕੇ ਦੀ ਤਰੱਕੀ ਬਾਰੇ ਨਹੀਂ ਸੋਚਿਆ, ਉਨਾਂ ਕਿਹਾ ਕਿ ਸੈਰ ਸਪਾਟਾ ਸਬੰਧੀ ਸ਼੍ਰੀ ਅਨੰਦਪੁਰ ਸਾਹਿਬ ਹਲਕਾ ਵਿੱਚ ਬਹੁਤ ਤਰਾਂ ਦਾ ਵਿਕਾਸ ਕਰਵਾਇਆ ਜਾ ਸਕਦਾ ਹੈ ਪ੍ਰੰਤੂ ਪਿਛਲੀਆਂ ਸਰਕਾਰਾਂ ਦੀ ਨਾਕਸ਼ ਕਾਰਗੁਜ਼ਾਰੀ ਕਾਰਨ ਇਸ ਹਲਕੇ ਦਾ ਵਿਕਾਸ ਨਾ ਹੋ ਸਕਿਆ, ਲੋਕ ਸਭਾ ਹਲਕਾ ਸ਼੍ਰੀ ਅਨੰਦਪੁਰ ਸਾਹਿਬ ਦੇ ਲੋਕ ਜੇਕਰ ਉਨਾਂ ਨੂੰ ਪਾਰਲੀਮੈਂਟ ਵਿੱਚ ਜਾਣ ਦਾ ਮੌਕਾ ਦਿੰਦੇ ਹਨ ਤਾਂ ਸ਼੍ਰੀ ਅਨੰਦਪੁਰ ਸਾਹਿਬ ਨੂੰ ਸੈਰ ਸਪਾਟਾ ਵਜੋਂ ਵਿਕਸਤ ਕਰਨਗੇ ਅਤੇ ਰੋਜ਼ਗਾਰ ਦੇ ਸਾਧਨ ਲੈ ਆਉਣਗੇ ਤਾਂ ਜੋ ਨੋਜਵਾਨਾਂ ਨੂੰ ਬੇਰੁਜ਼ਗਾਰੀ ਤੋਂ ਦੂਰ ਕੀਤਾ ਜਾ ਸਕੇ ਇਸ ਮੋਕੇ ਹਰਜੀਤ ਸਿੰਘ ਜੀਤਾ ਪ੍ਰਧਾਨ ਨਗਰ ਕੌਂਸਲ,ਇੰਦਰਜੀਤ ਸਿੰਘ ਅਰੋੜਾ ਪ੍ਰਧਾਨ ਵਪਾਰ ਮੰਡਲ,ਦੀਪਕ ਆਂਗਰਾ ਪ੍ਰਧਾਨ ਵਪਾਰ ਮੰਡਲ, ਦੀਪਕ ਸੋਨੀ ਮੀਡੀਆ ਕੁਆਰਡੀਨੇਟਰ, ਦਵਿੰਦਰ ਸਿੰਘ ਛਿੰਦੂ ਬਲਾਕ ਪ੍ਰਧਾਨ,ਜਗਜੀਤ ਸਿੰਘ ਜੱਗੀ ਬਲਾਕ ਪ੍ਰਧਾਨ,ਜਸਪਾਲ ਸਿੰਘ ਢਾਹੇ ਬਲਾਕ ਪ੍ਰਧਾਨ,ਕੌਂਸਲਰ ਮਨਪ੍ਰੀਤ ਸਿੰਘ ਅਰੋੜਾ,ਕੌਂਸਲਰ ਜਸਵੀਰ ਕੌਰ ਗਰਚਾ,ਕੌਂਸਲਰ ਪ੍ਰਵੀਨ ਕੌਸ਼ਲ, ਕੌਂਸਲਰ ਦਲਜੀਤ ਸਿੰਘ ਕੈਂਥ, ਕੌਂਸਲਰ ਵਿਕਰਮਜੀਤ ਸਿੰਘ ਸੰਧੂ,ਕੌਂਸਲਰ ਗੀਤਾ ਅਡਵਾਲ, ਕੌਂਸਲਰ ਬਲਬੀਰ ਕੌਰ, ਕੌਂਸਲਰ ਗੁਰਪ੍ਰੀਤ ਕੌਰ, ਦਵਿੰਦਰ ਕੌਸ਼ਲ,ਇੰਦਰਜੀਤ ਕੌਸ਼ਲ,ਨੌਜਵਾਨ ਆਗੂ ਦਵਿੰਦਰ ਸਿੰਘ ਸ਼ੰਮੀ ਬਰਾਰੀ,ਅਭੀਜੀਤ ਸਿੰਘ ਅਲੈਕਸੀ,ਵਿਜੇ ਗਰਚਾ ਲੱਕੀ ਕਪਿਲਾ,ਸੁਨੀਲ ਅਡਵਾਲ ਪ੍ਰਧਾਨ ਰੇਹੜੀ ਫੜੀ ਯੂਨੀਅਨ,ਰਵੀ ਹੰਸ ਪ੍ਰਧਾਨ ਵਾਲਮੀਕਿ ਸਭਾ,ਇੰਦਰਜੀਤ ਰਾਜੂ, ਸੈਫੀ ਅਰੋੜਾ, ਜਸਵਿੰਦਰ ਸਿੰਘ ਬਿੱਲਾ, ਸੋਨੂ ਅਰੋੜਾ, ਗੁਰਕਿਰਤ ਸਿੰਘ ਬਾਵਾ, ਕੁਲਦੀਪ ਸਿੰਘ ਦੀਪਾ, ਗੁਰਮਿੰਦਰ ਸਿੰਘ ਸ਼ਿਮਲਾ, ਸ਼ੈਲੀ ਅਰੋੜਾ, ਦਲੀਪ ਹੰਸ,ਗੁਰਸ਼ੇਰ ਸਿੰਘ,ਜਤਿੰਦਰਪਾਲ ਸਿੰਘ ਘੜੀਆਂ ਵਾਲੇ ਤੇ ਵੱਡੀ ਗਿਣਤੀ ਵਿੱਚ ਲੋਕ ਹਾਜਰ ਸਨ।

# ਆਸਰਾ ਫਾਉਂਡੇਸ਼ਨ ਨੇ ਕੀਤਾ ਕਾਰਜਕਰਨੀ ਦਾ ਗਠਨ

**×ਹਰਸਿਮਰਨ ਸਿੰਘ ਸਰਪ੍ਰਸਤ, ਨਵੀਨ ਕੁਮਾਰ ਚੇਅਰਮੈਨ ਅਤੇ ਦਵਿੰਦਰਪਾਲ ਸਿੰਘ ਬਣੇ ਮੀਤ ਪ੍ਰਧਾਨ**




ਸ੍ਰੀ ਅਨੰਦਪੁਰ ਸਾਹਿਬ, 21 ਮਈ(ਦਵਿੰਦਰਪਾਲ ਸਿੰਘ): ਪਿਛਲੇ ਦਿਨੀਂ ਆਸਰਾ ਫ਼ਾਉਂਡੇਸ਼ਨ (ਰਜਿ:) ਸ਼੍ਰੀ ਅਨੰਦਪੁਰ ਸਾਹਿਬ ਦੀ ਸਰਬਸੰਮਤੀ ਨਾਲ ਹੋਈ ਚੋਣ ਵਿਚ ਮਾਸਟਰ ਸੰਜੀਵ ਧਰਮਾਣੀ ਨੂੰ ਪ੍ਰਧਾਨ, ਅੰਕੁਸ਼ ਕੁਮਾਰ ਜਨਰਲ ਸਕੱਤਰ ਅਤੇ ਅਜੇ ਕੁਮਾਰ ਨੂੰ ਕੈਸ਼ੀਅਰ ਚੁਣਿਆ ਗਿਆ ਸੀ। ਇਸ ਤੋਂ ਬਾਅਦ ਅੱਜ ਕਾਰਜਕਰਨੀ ਦਾ ਗਠਨ ਕੀਤਾ ਗਿਆ ਜਿਸ ਬਾਰੇ ਜਾਣਕਾਰੀ ਦਿੰਦਿਆਂ ਕਲੱਬ ਦੇ ਜਨਰਲ ਸਕੱਤਰ ਅੰਕੁਸ਼ ਕੁਮਾਰ ਨੇ ਦੱਸਿਆ ਕਿ ਕਲੱਬ ਦੇ ਫਾਉਂਡਰ ਮੈਂਬਰ ਬੈਂਕ ਮੈਨੇਜਰ ਹਰਸਿਮਰਨ ਸਿੰਘ ਨੂੰ ਸਰਪ੍ਰਸਤ ਚੁਣਿਆ ਗਿਆ ਹੈ ਜਦੋਂ ਕਿ ਨਵੀਨ ਕੁਮਾਰ ਨੂੰ ਚੇਅਰਮੈਨ ਚੁਣਿਆ ਗਿਆ ਹੈ। ਇਸੇ ਤਰਾਂ ਪੱਤਰਕਾਰ ਦਵਿੰਦਰਪਾਲ ਸਿੰਘ ਨੂੰ ਮੀਤ ਪ੍ਰਧਾਨ ਅਤੇ ਜਸਦੀਪ ਸਿੰਘ ਧਾਲੀਵਾਲ ਨੂੰ ਸੀਨੀਅਰ ਮੀਤ ਪ੍ਰਧਾਨ, ਅਰਸ਼ਦੀਪ ਸਿੰਘ ਨੂੰ ਜੂਨੀਅਰ ਮੀਤ ਪ੍ਰਧਾਨ, ਪ੍ਰਸ਼ਾਂਤ ਵੋਹਰਾ ਅਤੇ ਸਤਿੰਦਰਪਾਲ ਸਿੰਘ ਨੂੰ ਸਲਾਹਕਾਰ ਚੁਣਿਆ ਗਿਆ। ਇਸਦੇ ਨਾਲ ਹੀ ਦੁਰੋਹਿਨ ਘਈ ਅਤੇ ਪੱਤਰਕਾਰ ਕੰਵਲਜੋਤ ਸਿੰਘ ਨੂੰ ਪ੍ਰਚਾਰ ਸਕੱਤਰ ਚੁਣਿਆ ਗਿਆ ਅਤੇ ਡਾ. ਭਰਤ ਜਸਵਾਲ, ਮਹਿੰਦਰਮੋਹਨ ਸਿੰਘ, ਫ਼ੈਸਲ ਖਾਨ, ਗੁਰਪ੍ਰੀਤ ਸਿੰਘ, ਮਾ. ਮੋਹਨ ਲਾਲ, ਜਗਜੀਤ ਸਿੰਘ, ਕੁਲਦੀਪ ਸਿੰਘ, ਇੰਦਰਪ੍ਰੀਤ ਸਿੰਘ, ਧੀਰਜ ਘਈ, ਰਾਜ ਘਈ, ਡਾ. ਮਨਦੀਪ ਸਿੰਘ, ਹਰਪ੍ਰੀਤ ਸਿੰਘ, ਪੁਸ਼ਵਿੰਦਰ ਸਿੰਘ, ਅਮਿਤ ਪੁਰੀ, ਚਰਨਜੀਵ ਸਿੰਘ ਨੂੰ ਮੈਂਬਰ ਲਿਆ ਗਿਆ ਹੈ।

# ਮਾਨਯੋਗ ਸੁਪਰੀਮ ਕੋਰਟ ਵਿੱਚ ਸਪੈਸ਼ਲ ਲੋਕ ਅਦਾਲਤ 29 ਜੁਲਾਈ 2024 ਤੋਂ 03 ਅਗਸਤ 2024

ਸਹੀਦ ਭਗਤ ਸਿੰਘ ਨਗਰ – ਮਾਨਯੋਗ ਸੁਪਰੀਮ ਕੋਰਟ ਵਿੱਚ ਸਪੈਸ਼ਲ ਲੋਕ ਅਦਾਲਤ 29 ਜੁਲਾਈ 2024 ਤੋਂ 03 ਅਗਸਤ 2024 ਨੂੰ ਲਗਾਈ ਜਾ ਰਹੀ ਹੈ। ਇਹ ਜਾਣਕਾਰੀ ਚੀਫ ਜੂਡੀਸ਼ੀਅਲ ਮੈਜਿਸਟਰੇਟ–ਕਮ–ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ਼ਹੀਦ ਭਗਤ ਸਿੰਘ ਨਗਰ ਸ. ਕਮਲਦੀਪ ਸਿੰਘ ਧਾਲੀਵਾਲ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਜੇਕਰ ਤੁਹਾਡਾ ਕੇਸ ਸੁਪਰੀਮ ਕੋਰਟ ਵਿੱਚ ਲੰਬਿਤ ਹੈ ਅਤੇ ਤੁਸੀਂ ਦੂਜੀ ਧਿਰ ਨਾਲ ਸਮਝੌਤੇ ਉਪਰੰਤ ਸੁਪਰੀਮ ਕੋਰਟ ਵਿੱਚ ਲੱਗਣ ਵਾਲੀ ਸਪੈਸ਼ਲ ਲੋਕ ਅਦਾਲਤ ਰਾਹੀਂ ਆਪਣੇ ਕੇਸਾਂ ਦਾ ਨਿਪਟਾਰਾ ਕਰਨਾ ਚਾਹੁੰਦੇ ਹੋ ਤਾਂ ਤੁਸੀਂ ਕਿਸੇ ਵੀ ਨੇੜੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਦਫ਼ਤਰ ਵਿੱਚ ਜਲਦੀ ਤੋਂ ਜਲਦੀ (ਪਰ ਮਿਤੀ 28 ਜੁਲਾਈ 2024 ਤੋਂ ਬਾਅਦ ਨਹੀਂ) ਕਿਸੇ ਵੀ ਕੰਮ ਕਾਜ ਵਾਲੇ ਦਿਨ ਸੰਪਰਕ ਕਰਕੇ ਆਪਣੇ ਕੇਸ ਦਾ ਨਿਪਟਾਰਾ ਕਰਵਾ ਸਕਦੇ ਹੋ। ਸੁਪਰੀਮ ਕੋਰਟ ਵੱਲੋਂ ਮਿਤੀ 29.07.2024 ਤੋਂ 03.08.2024 ਸਪੈਸ਼ਲ ਲੋਕ ਅਦਾਲਤ ਦਾ ਆਯੋਜਨ ਕੀਤਾ ਜਾ ਰਿਹਾ ਹੈ। ਉਨ੍ਹਾ ਦੱਸਿਆ ਕਿ ਮਾਨਯੋਗ ਸੁਪਰੀਮ ਕੋਰਟ ਵਿੱਚ ਲੇਬਰ ਨਾਲ ਸੰਬੰਧਿਤ ਮਾਮਲੇ, ਚੈੱਕ ਨਾਲ ਸਬੰਧਤ ਮਾਮਲੇ (138 ਐਨ.ਆਈ ਐਕਟ), ਹੋਰ ਮੁਆਵਜੇ ਦੇ ਮਾਮਲੇ, ਪਰਿਵਾਰਕ ਕਾਨੂੰਨ, ਸਰਵਿਸਜ਼ ਸਬੰਧੀ, ਰੈਂਟ ਸਬੰਧੀ ਮਾਮਲੇ, ਅਕਾਦਮਿਕ ਮਾਮਲੇ, ਮੇਨਟੇਨੈਂਸ ਨਾਲ ਸਬੰਧਤ ਮੁੱਦੇ, ਮੌਰਟਗੇਜ ਨਾਲ ਸਬੰਧਤ, ਖਪਤਕਾਰ ਸੁਰੱਖਿਆ ਦੇ ਮਾਮਲੇ, ਤਬਾਦਲਾ ਪਟੀਸ਼ਨਾਂ (ਦੀਵਾਨੀ ਅਤੇ ਫੌਜਦਾਰੀ), ਰਕਮ ਵਸੂਲੀ ਸਬੰਧੀ ਮਾਮਲੇ, ਕਰਿਮੀਨਲ ਕੰਪਾਊਂਡੇਬਲ ਮਾਮਲੇ, ਜਮੀਨੀ ਵਿਵਾਦਾਂ ਨਾਲ ਸਬੰਧਤ ਮਾਮਲੇ, ਹੋਰ ਸਿਵਲ ਮਾਮਲੇ ਲੱਗਣ ਵਾਲੀ ਲੋਕ ਅਦਾਲਤ ਵਿੱਚ ਲਗਾਏ ਜਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਵਧੇਰੇ ਜਾਣਕਾਰੀ ਲਈ ਨੇੜਲੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## ਲੋਕ ਸਭਾ ਚੋਣਾ ਮੱਦੇਨਜ਼ਰ ਜਿੱਥੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਨਵਾਂਸ਼ਹਿਰ ਅਤੇ ਬੱਸ ਸਟੈਂਡ ਨਵਾਂਸ਼ਹਿਰ ਵਿਖੇ ਗਰੀਨ ਇਲੈਕਸ਼ਨ ਤਹਿਤ ਬੂਟੇ ਲਗਾਏ ਤੇ ਨੁਕੜ ਨਾਟਕ ਕਰਵਾਇਆ ਗਿਆ ਉੱਥੇ ਗਰੀਨ ਇਲੈਕਸ਼ਨ ਤਹਿਤ ਪਰਣ ਦਿਵਾਉਂਦਿਆ ਰੁੱਖ ਲਗਾਉਣ ਲਈ ਪ੍ਰੇਰਿਤ ਕੀਤਾ ਗਿਆ

ਸਹੀਦ ਭਗਤ ਸਿੰਘ ਨਗਰ ਲੋਕ ਬਾਣੀ- ਡਿਪਟੀ ਕਮਿਸ਼ਨਰ ਕਮ ਜਿਲ੍ਹਾ ਚੋਣ ਅਫਸਰ ਨਵਜੋਤ ਪਾਲ ਸਿੰਘ ਰੰਧਾਵਾ ਦੇ ਹੁਕਮਾਂ ਅਤੇ ਉੱਪ ਮੰਡਲ ਮੈਜਿਸਟ੍ਰੇਟ ਨਵਾਂਸ਼ਹਿਰ ਡਾਕਟਰ ਅਕਸਿਤਾ ਗੁਪਤਾ ਆਈ.ਏ.ਐਸ ਜੀ ਦੀ ਅਗਵਾਈ ਵਿੱਚ ਜਿਲਾ ਸਿਖਿਆ ਅਫਸਰ ਅਰਚਨਾ ਤੇ ਉਹਨਾ ਦੀ ਸਮੂਹ ਟੀਮ ਦੇ ਸਹਿਯੋਗ ਨਾਲ ਜਿੱਥੇ ਬੱਸ ਸਟੈਂਡ ਨਵਾਂਸ਼ਹਿਰ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨਵਾਂਸ਼ਹਿਰ ਵਿਖੇ ਫਲਦਾਰ ਤੇ ਛਾਂਦਾਰ ਬੁਟੇ ਲਗਾਏ ਗਏ ਉੱਥੇ ਨੁਕੜ ਨਾਟਕ ਰਾਹੀ ਗਰੀਨ ਇਲੈਕਸ਼ਨ ਤਹਿਤ ਸਵੀਪ ਨੋਡਲ ਅਫਸਰ ਤਰਸੇਮ ਲਾਲ ਵਲੋ ਪਰਣ ਵੀ ਦਿਵਾਇਆ ਗਿਆ ਜਿਸ ਵਿੱਚ "ਅਸੀ ਲੋਕ ਸਭਾ ਹਲਕਾ ਅਨੰਦਪੁਰ ਸਾਹਿਬ ਦੇ ਵਾਸੀ ਇਸ ਵਾਰ ਲੋਕ ਸਭਾ ਚੋਣਾ 2024 ਦੇ ਪਰਵ ਤੇ ਪਰਣ ਕਰਦੇ ਹਾ ਕਿ ਅਸੀ ਪ੍ਰਦੂਸ਼ਣ ਮੁਕਤ ਭਾਰਤ ਦੇ ਨਿਰਮਾਣ ਵਿੱਚ ਆਪਣਾ ਪੂਰਨ ਸਹਿਯੋਗ ਦੇਵਾਂਗੇ ਜਿਸ ਲਈ ਅਸੀ ਘੱਟ ਤੋ ਘੱਟ ਪਲਾਸਟਿਕ ਦੀ ਵਰਤੋ ਕਰਨਾ ਯਕੀਨੀ ਬਣਾਵਾਂਗੇ ।ਅਸੀ ਚੋਣਾ ਦੇ ਇਸ ਪਵਿੱਤਰ ਦਿਹਾੜੇ ਤੇ ਅਸੀ ਪਰਣ ਕਰਦੇ ਹਾ ਕਿ ਇੱਕ ਰੁੱਖ ਲਗਾਵਾਗੇ ਅਤੇ ਯਕੀਨੀ ਤੌਰ ਉੱਤੇ ਉਸ ਦੀ ਸਾਂਭ -ਸੰਭਾਲ ਕਰਾਗੇ । ਸਾਡਾ ਮਿਸ਼ਨ ਇਸ ਵਾਰੀ ਗਰੀਨ ਇਲੈਕਸ਼ਨ ਨੂੰ ਇਤਿਹਾਸਕ ਬਣਾਵਾਂਗੇ। ਇਸ ਮੌਕੇ ਡਾ. ਅਕਸਿਤਾ ਗੁਪਤਾ ਆਈ.ਏ.ਐਸ.ਉੱਪਆਈ . ਏ.ਐਸ.ਉੱਪ ਮੰਡਲ ਮੈਜਿਸਟ੍ਰੇਟ ਨਵਾਂਸ਼ਹਿਰ ਨੇ ਬੱਸ ਸਟੈਂਡ ਨਵਾਂਸ਼ਹਿਰ ਵਿਖੇ ਹਾਜਰ ਯਾਤਰੀਆ ਨੂੰ ਲੋਕ ਸਭਾ ਚੋਣਾਂ 2024 ਸੰਬੰਧੀ ਭਾਰਤ ਚੋਣ ਕਮਿਸ਼ਨ ਦੇ ਨਾਅਰੇ ਇਸ ਬਾਰ 70 ਪਾਰ ਦੇ ਮਿਸ਼ਨ ਸੰਬੰਧੀ ਜਾਗਰੂਕ ਕੀਤਾ।ਉਨ੍ਹਾਂ ਕਿਹਾ ਕਿ ਇਸ ਬਾਰ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨੂੰ ਪਝੱਤਰ ਫੀਸਦੀ ਵੋਟਰ ਟਰਨਆਊਟ ਤੋਂ ਉਪੱਰ ਲੈ ਕੇ ਜਾਣਾ ਹੈ।ਇਸ ਮੌਕੇ ਉਨ੍ਹਾਂ ਹਾਜ਼ਰ ਮੁਸਾਫਰਾ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਲੋਕ ਸਭਾ ਚੋਣਾ -2024 ਨੂੰ ਸਾਡਾ ਮਿਸ਼ਨ-ਗ੍ਰੀਨ ਇਲੈਕਸ਼ਨ ਵਜੋਂ ਮਨਾਇਆ ਜਾ ਰਿਹਾ ਹੈ ਜਿਸ ਤਹਿਤ ਉਨ੍ਹਾਂ ਕਿਹਾ ਕਿ ਉਹ ਆਪਣੇ ਪਰਵਾਰਕ ਮੈਂਬਰਾਂ, ਆਂਢ-ਗੁਆਂਢ, ਰਿਸ਼ਤੇਦਾਰਾਂ ਅਤੇ ਗਲ਼ੀ-ਮੁਹੱਲੇ ਦੇ ਵੋਟਰਾਂ ਨੂੰ ਜਾਗਰੂਕ ਕਰਨ ਕਿ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ ਪਹਿਲੀ ਜੂਨ ਨੂੰ ਲੋਕਤੰਤਰ ਦੇ ਮਹਾਂਉਤਸਵ ਮੌਕੇ ਉਹ ਵੋਟ ਪਾਉਣ ਤੋਂ ਪਹਿਲਾਂ ਜਾਂ ਬਾਅਦ ਇੱਕ-ਇੱਕ ਪੌਦਾ ਲਗਾਉਣ ਲਈ ਪ੍ਰੇਰਿਤ ਕਰਨ ਅਤੇ ਉਹ ਖੁਦ ਵੀ ਇੱਕ-ਇੱਕ ਪੌਦਾ ਜਰੂਰ ਲਗਾਉਣ । ਤਾ ਹੀ ਗਰੀਨ ਇਲੈਕਸ਼ਨ ਦਾ ਮਨੋਰਥ ਪੂਰਾ ਹੋ ਸਕਦਾ ਹੈ।ਇਸ ਮੌਕੇ ਜਿਲ੍ਹਾ ਸਿੱਖਿਆ ਅਫਸਰ ਨੇ ਕਿਹਾ ਕਿ ਇਸ ਇਲੈਕਸ਼ਨ ਦੌਰਾਨ ਪਲਾਸਟਿਕ ਜਾਂ ਪਲਾਸਟਿਕ ਤੋਂ ਬਣੇ ਪਦਾਰਥਾਂ ਦੀ ਵਰਤੋਂ ਨੂੰ ਵੀ ਘੱਟ ਤੋਂ ਘੱਟ ਕਰਨਾ , ਕਣਕ ਜਾਂ ਪਰਾਲ਼ੀ ਦੇ ਨਾੜ ਨੂੰ ਅੱਗ ਲਾਉਣਾ ਬੰਦ ਕਰਨਾ, ਹਵਾ ਪਾਣੀ ਮਿੱਟੀ, ਦੀ ਸੰਭਾਲ਼ ਕਰਨਾ ਅਤੇ ਓਰਗੈਨਿਕ ਅਤੇ ਜੈਵਿਕ ਖਾਦਾਂ ਨੂੰ ਵਰਤੋਂ ਵਿੱਚ ਲਿਆਉਣ ਨੂੰ ਯਕੀਨੀ ਬਣਾਉਣਾ ਵੀ ਸਾਡਾ ਸਭ ਦਾ ਫਰਜਬਣਦਾਹੈ।ਇਲੈਕਸ਼ਨ 2024 ਦਾ ਮੁੱਖ ਸਲੋਗਨ ਸਾਡੀ ਵੋਟ ਹਰੀ ਭਰੀ ਵੋਟ ਰੱਖਿਆ ਗਿਆ ਹੈ ਜਿਸ ਬਾਰੇ ਸਮੂਹ ਸਵਾਰੀਆ ਨੂੰ ਜਾਣੂੰ ਕਰਵਾਇਆ ਗਿਆ। ਇਸ ਮੌਕੇ ਸੁਪਰਡੈਂਟ ਜਸਵਿੰਦਰ ਸਿੰਘ , ਸਤਨਾਮ ਸਿੰਘ ਜਿਲ੍ਹਾ ਸਵੀਪ ਨੋਡਲ ਅਫਸਰ, ਰਣਜੀਤ ਸਿੰਘ, ਕਵਿਤਾ ਸਭਰਵਾਲ ,ਯੋਗੇਸ਼ ਕੁਮਾਰ,ਕੁਲਦੀਪ ਸਿੰਘ,ਰਜਨੀ ਸਰਮਾ , ਗੁਰਸਰਨਦੀਪ ,ਹਿਤੇਸ ਸ਼ਹਿਗਲ ਰਾਜਨ ਰਾਣਾ ਪੂਜਾ ਸ਼ਰਮਾ ,ਸੁਸ਼ਮਾ ਰਾਣੀ ,ਰਿੰਪੀ,ਸੰਦੀਪ ਕੁਮਾਰ,ਮਮਤਾ ਨੀਤਿਕਾ,ਸਜੀਵ ਮੌਨਿਕਾ ਵਰਮਾ ਸਰਬਜੀਤ ਕੁਮਾਰੀ ਤੇ ਹਾਜਰ ਸਮੂਹ ਸਟਾਫ ਤੇ ਬੱਚਿਆ ਵਲੋ ਸੰਪੂਰਨ ਸਹਿਜੋਗ ਸਨ।

# ਸਕੂਲ ਖੁੱਲੇ ਰੱਖਣ ਤੇ ਜ਼ਿਲਾ ਪ੍ਰਸ਼ਾਸਨ ਨੇ ਲਿਆ ਸਖਤ ਨੋਟਿਸ

## ਜਿਲਾ ਸਿੱਖਿਆ ਅਫਸਰ ਨੇ ਸਪਸ਼ਟੀਕਰਨ ਦੇਣ ਸਬੰਧੀ ਜਾਰੀ ਕੀਤਾ ਨੋਟਿਸ

**ਸਹੀਦ ਭਗਤ ਸਿੰਘ ਨਗਰ ਲੋਕ ਬਾਣੀ (ਰਮੇਸ ਸਰਮਾ/ਮਨਪ੍ਰੀਤ ਵਾਸੂ)** ਵੱਧ ਰਹੇ ਤਾਪਮਾਨ ਕਾਰਨ ਸਰਕਾਰੀ/ ਅਰਧ ਸਰਕਾਰੀ/ ਪ੍ਰਾਈਵੇਟ/ ਏਡਿਡ/ ਅਨ ਏਡਿਡ ਸਕੂਲਾਂ ਵਿੱਚ ਛੁੱਟੀਆਂ ਕਰਨ ਦੇ ਬਾਵਜੂਦ ਸਕੂਲ ਖੁੱਲੇ ਰੱਖਣ ਤੇ ਸਖਤ ਨੋਟਿਸ ਲੈਂਦਿਆਂ ਜਿਲਾ ਪ੍ਰਸ਼ਾਸਨ ਨੇ ਤਿੰਨ ਪ੍ਰਾਈਵੇਟ ਸਕੂਲਾਂ ਨੂੰ ਸਪਸ਼ਟੀਕਰਨ ਦੇਣ ਸਬੰਧੀ ਨੋਟਿਸ ਜਾਰੀ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜਿਲਾ ਸਿੱਖਿਆ ਅਫਸਰ ( ਸੈ ਸਿੱ) ਅਰਚਨਾ ਅਗਰਵਾਲ ਨੇ ਦੱਸਿਆ ਕਿ ਅੱਤ ਦੀ ਪੈ ਰਹੀ ਗਰਮੀ ਦੇ ਕਾਰਨ ਰਾਜ ਦੇ ਸਾਰੇ ਸਰਕਾਰੀ/ ਅਰਧ ਸਰਕਾਰੀ/ ਪ੍ਰਾਈਵੇਟ/ ਏਡਿਡ / ਅਨ ਏਡਿਡ ਸਕੂਲਾਂ ਵਿੱਚ ਮਿਤੀ 21 ਮਈ 2024 ਤੋਂ ਬੱਚਿਆਂ ਨੂੰ ਛੁੱਟੀਆਂ ਅਤੇ ਸਕੂਲ ਬੰਦ ਰੱਖਣ ਦੇ ਹੁਕਮ ਜਾਰੀ ਕੀਤੇ ਗਏ ਹਨ। ਇਸ ਦੇ ਬਾਵਜੂਦ ਇਹ ਸ਼ਿਕਾਇਤ ਮਿਲੀ ਸੀ ਕਿ ਸਕਾਲਰ ਪਬਲਿਕ ਸਕੂਲ ਲਧਾਣਾ ਝਿਕਾ, ਸਤਲੁਜ ਪਬਲਿਕ ਸਕੂਲ ਬੰਗਾ ਅਤੇ ਭਗਵਾਨ ਮਹਾਂਵੀਰ ਪਬਲਿਕ ਸਕੂਲ ਬੰਗਾ ਤਿੰਨ ਪ੍ਰਾਈਵੇਟ ਸਕੂਲ ਖੋਲੇ ਗਏ ਹਨ ਜੋ ਕਿ ਸਰਕਾਰੀ ਹੁਕਮਾਂ ਦੀ ਘੋਰ ਉਲੰਘਣਾ ਹੈ। ਉਹਨਾਂ ਨੇ ਕਿਹਾ ਕਿ ਗਰਮੀ ਵਧਣ ਦੇ ਨਾਲ ਬੱਚਿਆਂ ਦੀ ਸਿਹਤ ਤੇ ਮਾੜਾ ਅਸਰ ਪੈ ਸਕਦਾ ਹੈ। ਇਸ ਦਾ ਜਿਲ੍ਹਾ ਪ੍ਰਸ਼ਾਸਨ ਵੱਲੋਂ ਸਖਤ ਨੋਟਿਸ ਲਿਆ ਗਿਆ ਹੈ ਅਤੇ ਸਬੰਧਤ ਸਕੂਲਾਂ ਦੇ ਪ੍ਰਿੰਸੀਪਲ ਨੂੰ ਨੋਟਿਸ ਜਾਰੀ ਕਰਕੇ ਆਪਣਾ ਸਪਸ਼ਟੀਕਰਨ ਦੇਣ ਲਈ ਕਿਹਾ ਗਿਆ ਹੈ।ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਕਿਹਾ ਕਿ ਗਰਮੀ ਵਧਣ ਦੇ ਕਾਰਨ ਬੱਚਿਆਂ ਨੂੰ ਸਿਹਤ ਸੰਭਾਲ ਦੀ ਜਿਆਦਾ ਜਰੂਰਤ ਪੈਂਦੀ ਹੈ। ਸਿਹਤ ਸੰਭਾਲ ਸਬੰਧੀ ਪਹਿਲਾਂ ਹੀ ਸਿਹਤ ਐਡਵਾਈਜਰੀ ਜਾਰੀ ਕੀਤੀ ਗਈ ਹੈ। ਸਪਸ਼ਟੀਕਰਨ ਮਿਲਨ ਉਪਰੰਤ ਉਕਤ ਪ੍ਰਾਈਵੇਟ ਸਕੂਲਾਂ ਦੇ ਖਿਲਾਫ ਸਖਤ ਬਣਦੀ ਕਾਰਵਾਈ ਕੀਤੀ ਜਾਵੇਗੀ।

# ਸਿਹਤ ਵਿਭਾਗ ਵੱਲੋਂ ਸੰਭਾਵੀ ਗਰਮੀ ਤੋਂ ਬਚਾਓ ਲਈ ਕੀਤੇ ਗਏ ਪੁਖਤਾ ਪ੍ਰਬੰਧ

## ਸਿਹਤ ਕੇਂਦਰ ਵਿਚ ਓਆਰਐਸ ਕਾਰਨਰ ਸਥਾਪਿਤ

ਸ਼ੇਰਪੁਰ (ਸੱਤਪਾਲ ਸਿੰਘ ਕਾਲਾਬੂਲਾ) ਕਮਿਊਨਟੀ ਹੈਲਥ ਸੈਂਟਰ ਸ਼ੇਰਪੁਰ ਵੱਲੋਂ ਸਿਵਲ ਸਰਜਨ ਸੰਗਰੂਰ ਡਾਕਟਰ ਕਿਰਪਾਲ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸੀਐਚਸੀ ਸ਼ੇਰਪੁਰ ਵਿਖੇ ਡਾਕਟਰ ਮੁਹੰਮਦ ਅਖਤਰ ਕਾਰਜਕਾਰੀ ਐਸਐਮਓ ਸ਼ੇਰਪੁਰ ਦੀ ਦੇਖਰੇਖ ਹੇਠ ਸੀਐਚਸੀ ਵਿਖੇ ਲੋਕਾਂ ਨੂੰ ਗਰਮੀ ਦੀਆਂ ਲਹਿਰਾਂ ਤੋਂ ਬਚਾਓ ਲਈ ਪੁਖਤਾ ਪ੍ਰਬੰਧ ਕੀਤੇ ਗਏ ਹਨ।

ਜਿਵੇਂ ਕਿ ਹਸਪਤਾਲ ਵਿਖੇ ਹੀਟ ਵੇਵ ਸਬੰਧੀ ਕਾਰਨਰ ਸਥਾਪਿਤ ਕੀਤਾ ਗਿਆ ਹੈ ਅਤੇ ਮਰੀਜ਼ਾਂ ਨੂੰ ਮੁਢਲੀ ਸਹਾਇਤਾ ਲਈ ਐਮਰਜੈਂਸੀ ਦੇ ਸਾਹਮਣੇ ਕਮਰੇ ਵਿੱਚ ਦੋ ਬੈਡ ਲਗਾ ਦਿੱਤੇ ਗਏ ਹਨ। ਜਿੱਥੇ ਕਿ ਡਾਕਟਰ ਸ਼ਸ਼ੀ ਬਾਲਾ ਮੈਡੀਕਲ ਅਫਸਰ ਦੀ ਅਗਵਾਈ ਹੇਠ ਮੈਡੀਕਲ ਟੀਮ ਬਣਾਈ ਗਈ ਹੈ। ਜਿੱਥੇ ਕਿ ਓਆਰਐਸ ਅਤੇ ਹੋਰ ਲੁੜੀਦੀਆਂ ਦਵਾਈਆਂ ਦਾ ਵੀ ਪ੍ਰਬੰਧ ਕੀਤਾ ਗਿਆ ਹੈ। ਇਸ ਦੌਰਾਨ ਸਿਹਤ ਵਿਭਾਗ ਦੀ ਟੀਮ ਵੱਲੋਂ ਮੌਕ ਟੀਮ ਬਣਾਈ ਗਈ ਹੈ ਜਿੱਥੇ ਕਿ ਓਆਰਐਸ ਅਤੇ ਹੋਰ ਲੁੜੀਦੀਆਂ ਦਵਾਈਆਂ ਦਾ ਪ੍ਰਬੰਧ ਕੀਤਾ ਗਿਆ ਹੈ



ਇਸ ਦੌਰਾਨ ਸਿਹਤ ਵਿਭਾਗ ਦੀ ਟੀਮ ਵੱਲੋਂ ਮੌਕ ਡਰਿੱਲ ਵੀ ਕਰਵਾਈ ਗਈ। ਇਸ ਮੌਕੇ ਡਾਕਟਰ ਸ਼ਸ਼ੀ ਬਾਲਾ ਪਰਭਜੋਤ ਅਤੇ ਤਰਸੇਮ ਸਿੰਘ ਬੀਈਈ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਲੋਕ ਗਰਮੀ ਦੇ ਮੌਸਮ ਦੌਰਾਨ ਵਧੇਰੇ ਗਰਮੀ ਕਾਰਨ ਹੋਣ ਵਾਲੀਆਂ ਬਿਮਾਰੀਆਂ ਤੋਂ ਖੁਦ ਦਾ ਬਚਾਓ ਕਰ ਸਕਣ।ਜੇਕਰ ਤਾਪਮਾਨ 40 ਡਿਗਰੀ ਜਾ ਇਸ ਤੋਂ ਵੱਧ ਤੱਕ ਪਹੁੰਚ ਜਾਂਦਾ ਹੈ ਤਾਂ ਇਸ ਸਥਿਤੀ ਨੂੰ ਵੀ ਗਰਮੀ ਦੀ ਲਹਿਰ ਕਿਹਾ ਜਾ ਸਕਦਾ ਹੈ।ਇਹ ਉੱਚ ਤਾਪਮਾਨ ਸਰੀਰ ਦੇ ਤਾਪਮਾਨ ਕੰਟਰੋਲ ਪ੍ਰਣਾਲੀ ਨੂੰ ਵਿਗਾੜਦਾ ਹੈ ਅਤੇ ਗਰਮੀ ਨਾਲ ਸਬੰਧਤ ਬਿਮਾਰੀਆਂ ਦਾ ਕਾਰਨ ਬਣਦਾ ਹੈ। ਇਸ ਸਮੇਂ ਦੌਰਾਨ ਆਮ ਲੋਕਾਂ ਦੇ ਨਾਲ ਨਾਲ ਖਾਸ ਕਰਕੇ ਉਹ ਲੋਕਾਂ ਜਿਹੜੇ ਜੋਖਮ ਸ਼੍ਰੇਣੀ ਵਿੱਚ ਆਉਂਦੇ ਹਨ ਉਨਾਂ ਨੂੰ ਜਿਆਦਾ ਚੌਕਸ ਰਹਿਣ ਦੀ ਲੋੜ ਹੈ।ਹੁਣ ਅੱਗੇ ਦੱਸਿਆ ਕਿ ਪਿਆਜ ਦਾ ਸਲਾਦ ਅਤੇ ਕੱਚੇ ਅੰਬ ਨੂੰ ਨਮਕ ਅਤੇ ਜੀਰੇ ਨਾਲ ਖਾਣ ਵਰਗੇ ਰਵਾਇਤੀ ਇਲਾਜ ਨਾਲ ਵੀ ਹੀਟ ਸਟ੍ਰੋਕ ਤੋਂ ਬਚਾਅ ਕੀਤਾ ਜਾ ਸਕਦਾ ਹੈ।ਜਿਕਰ ਯੋਗ ਹੈ ਕਿ ਮਾਸ ਪੇਸੀਆਂ ਦੀ ਕਮਜ਼ੋਰੀ ਜਾ ਖਿਚਾਅ ਇਕ ਘੰਟੇ ਤੋਂ ਵੱਧ ਸਮਾਂ ਤੱਕ ਰਹਿਣ ਤੇ ਤੁਰੰਤ ਡਾਕਟਰ ਕੋਲ

ਜਾ ਜਾਂਚ ਕਰਵਾਉਣੀ ਚਾਹੀਦੀ ਹੈ। ਤਾਂ ਜੋ ਹੀਟ ਵੇਵ ਤੋਂ ਬਚਾਓ ਕੀਤਾ ਜਾ ਸਕੇ। ਇਸ ਮੌਕੇ ਡਾਕਟਰ ਪ੍ਰਭਜੋਤ ਕੌਰ ਬਾਵਾ, ਡਾਕਟਰ ਸ਼ਸ਼ੀ ਬਾਲਾ ਮੈਡੀਕਲ, ਤਰਸੇਮ ਸਿੰਘ ਬੀਈਈ, ਦਵਿੰਦਰ ਸਿੰਘ ਸੀਨੀਅਰ ਫਾਰਮੇਸੀ ਅਫਸਰ, ਰਾਜਵੀਰ ਸਿੰਘ ਐਸਆਈ, ਗੁਰਮੀਤ ਕੌਰ ਸਟਾਫ ਨਰਸ, ਨਰਿੰਦਰ ਸਿੰਘ ਕੰਪਿਊਟਰ ਆਪਰੇਟਰ,ਕੁਲਵੰਤ ਕੌਰ ਐਲਐਚਵੀ ਅਤੇ ਸੰਦੀਪ ਕੌਰ ਏਐਨਐਮ ਆਦਿ ਵੀ ਹਾਜ਼ਰ ਸਨ।

# ਕਿਤਾਬ ਖਾਮੋਸ਼ੀਆਂ ਰਿਲੀਜ਼ ਕੀਤੀ

## ਕਵਿਤਾਵਾਂ ਦਿਲ-ਦਿਮਾਗ ਨੂੰ ਸ਼ਾਂਤੀ ਦਿੰਦੀਆਂ ਹਨ : ਪ੍ਰੋਫੈਸਰ ਵਿਗ




**ਅਮੁਲਿਆ, ਚੰਡੀਗੜ੍ਹ।** ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਵਾਈਸ ਚਾਂਸਲਰ ਪ੍ਰੋਫੈਸਰ ਰੇਣੂ ਵਿਗ ਨੇ ਅੱਜ ਆਪਣੇ ਦਫ਼ਤਰ ਵਿੱਚ ਪ੍ਰਸਿੱਧ ਲੇਖਿਕਾ ਡਾ: ਪ੍ਰਗਿਆ ਸ਼ਾਰਦਾ ਦਾ ਨਵੀਨਤਮ ਕਾਵਿ ਸੰਗ੍ਰਹਿ ਖਾਮੋਸ਼ੀਆਂ ਰਿਲੀਜ਼ ਕੀਤਾ। ਇਹ ਲੇਖਿਕਾ ਦੀ ਅੱਠਵੀਂ ਪੁਸਤਕ ਹੈ। ਇਸ ਕਾਵਿ ਸੰਗ੍ਰਹਿ ਵਿੱਚ 73 ਕਵਿਤਾਵਾਂ ਹਨ ਜੋ ਸਮਾਜ ਅਤੇ ਪਰਿਵਾਰ ਬਾਰੇ ਲਿਖੀਆਂ ਗਈਆਂ ਹਨ।

ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਪ੍ਰਸਿੱਧ ਸਮਾਜ ਸੇਵੀ ਕੇ.ਕੇ.ਸ਼ਾਰਦਾ ਨੇ ਹਾਜ਼ਰ ਪਤਵੰਤਿਆਂ ਨਾਲ ਜਾਣ-ਪਛਾਣ ਕਰਵਾਈ। ਸੀਨੀਅਰ ਸਾਹਿਤਕਾਰ ਪ੍ਰੇਮ ਵਿੱਜ ਨੇ ਪੁਸਤਕ ਬਾਰੇ ਚਰਚਾ ਕਰਦਿਆਂ ਕਿਹਾ ਕਿ ਪੇਸ਼ ਕਾਵਿ ਸੰਗ੍ਰਹਿ ਵਿੱਚ ਕਵਿੱਤਰੀ ਨੇ ਖੁੱਲ੍ਹੀ ਅੱਖ ਨਾਲ ਸਮਾਜਿਕ ਰਿਸ਼ਤਿਆਂ ਨੂੰ ਆਪਣੀਆਂ ਕਵਿਤਾਵਾਂ ਦਾ ਆਧਾਰ ਬਣਾਇਆ ਹੈ। ਕਵੀ ਡਾ: ਵਿਨੋਦ ਸ਼ਰਮਾ ਨੇ ਕਵਿਤਾਵਾਂ 'ਤੇ ਬੋਲਦਿਆਂ ਕਿਹਾ ਕਿ ਕਵੀ ਨੇ ਆਪਣੀਆਂ ਕਵਿਤਾਵਾਂ ਵਿਚ ਸਮਾਜ ਵਿਚ ਪ੍ਰਚਲਿਤ ਬੁਰਾਈਆਂ ਅਤੇ ਵਿਤਕਰਿਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਹੈ ਸਮਾਜ ਸੇਵੀ ਜੈਦੇਵ ਚੀਮਾ ਨੇ ਕਵਿਤਰੀ ਨੂੰ ਵਧਾਈ ਦਿੰਦਿਆਂ ਕਿਹਾ ਕਿ ਉਸ ਦੀਆਂ ਕਵਿਤਾਵਾਂ ਸਮਾਜ ਨੂੰ ਸੇਧ ਦੇਣਗੀਆਂ। ਨਾਵਲਕਾਰ ਅਤੇ ਪ੍ਰਕਾਸ਼ਕ ਵਿਜੇ ਸੌਦਾਈ ਨੇ ਕਿਹਾ ਕਿ ਕਵਿਤਾਵਾਂ ਕਵੀ ਦੇ ਅਨੁਭਵਾਂ ਦੀ ਸੱਚਾਈ ਨੂੰ ਰੂਪਮਾਨ ਕਰਦੀਆਂ ਹਨ। ਸੀਨੀਅਰ ਪੱਤਰਕਾਰ ਅਤੇ ਚੰਡੀਗੜ੍ਹ ਪ੍ਰੈਸ ਕਲੱਬ ਦੇ ਪ੍ਰਧਾਨ ਨਲਿਨ ਅਚਾਰੀਆ ਨੇ ਕਵਿਤਰੀ ਨੂੰ ਵਧਾਈ ਦਿੰਦਿਆਂ ਕਿਹਾ ਕਿ ਉਸ ਦੀਆਂ ਲਿਖਤਾਂ ਵਿੱਚੋਂ ਹੋਰ ਵੀ ਦਮਦਾਰ ਕਵਿਤਾਵਾਂ ਪੜ੍ਹਨ ਨੂੰ ਮਿਲਣਗੀਆਂ। ਪ੍ਰੋਗਰਾਮ ਵਿੱਚ ਸੀਏ ਪ੍ਰੀਤਿਸ਼ ਗੋਇਲ ਵੀ ਮੌਜੂਦ ਸਨ। ਇਸ ਮੌਕੇ ਬੋਲਦਿਆਂ ਵਾਈਸ ਚਾਂਸਲਰ ਪ੍ਰੋਫੈਸਰ ਬਿੱਗ ਨੇ ਕਿਹਾ ਕਿ ਕਵਿਤਾਵਾਂ ਸਾਡੇ ਦਿਲ ਅਤੇ ਦਿਮਾਗ ਨੂੰ ਸਕੂਨ ਦਿੰਦੀਆਂ ਹਨ। ਕਵਿਤਾ ਲਿਖਣਾ ਇੱਕ ਔਖੀ ਵਿਧਾ ਹੈ। ਉਨ੍ਹਾਂ ਕਵਿਤਰੀ ਨੂੰ ਵਧਾਈ ਦਿੰਦਿਆਂ ਕਿਹਾ ਕਿ ਉਨ੍ਹਾਂ ਦੀ ਕਲਮ ਇਸੇ ਤਰ੍ਹਾਂ ਚੱਲਦੀ ਰਹਿਣੀ ਚਾਹੀਦੀ ਹੈ। ਇਸ ਮੌਕੇ ਕਵਿੱਤਰੀ ਡਾ: ਪ੍ਰਗਿਆ ਸ਼ਾਰਦਾ ਨੇ ਵੀ ਆਪਣੀਆਂ ਕੁਝ ਕਵਿਤਾਵਾਂ ਜਿਵੇਂ ਪਤੀ ਪਰਮੇਸ਼ਰ, ਰੱਖੜੀ, ਪਰਿੰਦੇ, ਸਤੀਰੀ ਮਨੁੱਖ, ਖਾਮੋਸ਼ੀ ਆਦਿ ਦਾ ਪਾਠ ਕੀਤਾ ?

# ਸਾਡਾ ਮਿਸ਼ਨ ਗ੍ਰੀਨ ਇਲੈਕਸ਼ਨ ਕਰਵਾਉਣਾ-ਰਵਿੰਦਰ ਕੌਰ




ਨਵਾਂ ਸ਼ਹਿਰ,21 ਮਈ(ਜਤਿੰਦਰ ਪਾਲ ਸਿੰਘ ਕਲੇਰ ):-ਲੋਕ ਸਭਾ 2024 ਦੀਆਂ ਇਲੈਕਸ਼ਨ ਨੂੰ ਸੁਚੱਜੇ ਅਤੇ ਸੁਚਾਰੂ ਢੰਗ ਨਾਲ ਕਰਵਾਉਣ ਹਿੱਤ ਸਿੱਖਿਆ ਵਿਭਾਗ ਜ਼ਿਲ੍ਹਾ ਪ੍ਰਸਾਸਿਨ ਦੇ ਸਹਿਯੋਗ ਲਈ ਹਰ ਸੰਭਵ ਯਤਨ ਕਰ ਰਿਹਾ ਹੈ। ਇਸ ਸੰਬੰਧੀ ਜ਼ਿਲ੍ਹਾ ਰੀਟਿਰਨਿੰਗ ਅਫ਼ਸਰ ਨਾਲ ਮੀਟਿੰਗਜ਼ ਕੀਤੀਆਂ ਜਾ ਰਹੀਆਂ ਹਨ ਅਤੇ ਉਨ੍ਹਾਂ ਵਲੋਂ ਜਾਰੀ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾ ਰਹੀ ਹੈ। ਪ੍ਰੈਸ ਨਾਲ ਗੱਲਬਾਤ ਕਰਦੇ ਹੋਏ ਸ਼੍ਰੀਮਤੀ ਰਵਿੰਦਰ ਕੌਰ ਜ਼ਿਲ੍ਹਾ ਸਿੱਖਿਆ ਅਫ਼ਸਰ(ਐਸਿ),ਸ਼ਹੀਦ ਭਗਤ ਸਿੰਘ ਨੇ ਕਿਹਾ ਕਿ ਸਾਡਾ ਮਿਸ਼ਨ 2024 ਗ੍ਰੀਨ ਇਲੈਕਸ਼ਨ ਕਰਵਾਉਣਾ ਹੈ। ਜਿਸ ਦੇ ਤਹਿਤ ਸਕੂਲ ਮੁੱਖੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਜ਼ਿਨ੍ਹਾਂ ਸਕੂਲਾਂ ਵਿੱਚ ਪੋਲਿੰਗ ਬੂਥ ਬਨਣੇ ਹਨ,ਉਥੇ ਵਣ ਵਿਭਾਗ ਅਤੇ ਆਪਣੇ ਪੱਧਰ ਉੱਤੇ ਵੱਧ ਤੋਂ ਵੱਧ ਬੂਟੇ ਲਗਾਏ ਜਾਣ।ਭਾਵੇਂ ਸਰਕਾਰ ਵਲੋਂ ਦਿਨੋਂ-ਦਿਨ ਵੱਧ ਰਹੀ ਗਰਮੀ ਦੇ ਮੱਦੇ ਨਜ਼ਰ ਬੱਚਿਆਂ ਦੀ ਸਿਹਤ ਦਾ ਧਿਆਨ ਰੱਖਦਿਆਂ ਸਕੂਲਾਂ ਵਿੱਚ ਛੁੱਟੀਆਂ ਕਰ ਦਿੱਤੀਆਂ ਗਈਆਂ ਹਨ,ਪਰ ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਗਈ ਹੈ ਕਿ ਛੁੱਟੀਆਂ ਦੌਰਾਨ ਬੂਟਿਆਂ ਨੂੰ ਪਾਣੀ ਦੇਣਾ ਅਤੇ ਸਾਫ਼ ਸਫਾਈ ਦਾ ਖਾਸ ਧਿਆਨ ਰੱਖਿਆ ਜਾਵੇ। ਇਸ ਤੋਂ ਇਲਾਵਾ ਪੋਲਿੰਗ ਬੂਥਾਂ ਦੇ ਬਾਹਰ ਡਸਟਬੀਨ ਰੱਖੇ ਜਾਣ ਤਾਂ ਜੋ ਸਫ਼ਾਈ ਦਾ ਖਾਸ ਧਿਆਨ ਰੱਖਿਆ ਜਾ ਸਕੇ। ਉਨ੍ਹਾਂ ਇਹ ਵੀ ਦੱਸਿਆ ਕਿ ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰਜ਼ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਪੋਲਿੰਗ ਬੂਥਾਂ ਤੇ ਬੀ ਐਲ ਓਜ਼ ਦੀ ਸਹਾਇਤਾ ਨਾਲ ਨੇੜੇ ਦੇ ਹਾਈ ਜਾ ਸੀਨੀਅਰ ਸੈਕੰਡਰੀ ਸਕੂਲਾਂ ਤੋਂ ਦੋ-ਦੋ ਵਿਦਿਆਰਥੀ ਬਤੌਰ ਵਲੰਟੀਅਰ ਨਿਯੁਕਤ ਕਰਨਾ ਯਕੀਨੀ ਬਣਾਇਆ ਜਾਵੇ। ਉਨ੍ਹਾਂ ਦੱਸਿਆ ਕਿ ਇਸ ਤਹਿਤ ਬਹੁਤ ਸਾਰੇ ਸਕੂਲ ਮੁੱਖੀਆਂ ਵਲੋਂ ਗ੍ਰੀਨ ਇਲੈਕਸ਼ਨ ਤਹਿਤ ਕੰਮ ਕੀਤਾ ਜਾ ਰਿਹਾ ਹੈ। ਸਕੂਲ ਮੁੱਖੀਆਂ ਵਲੋਂ ਸਕੂਲਾਂ ਵਿੱਚ ਵੱਧ ਤੋਂ ਵੱਧ ਬੂਟੇ ਲਗਾਏ ਜਾ ਰਹੇ ਹਨ। ਸਕੂਲ ਅਧਿਆਪਕਾਂ ਨੂੰ ਇਹ ਵੀ ਹਦਾਇਤ ਕੀਤੀ ਗਈ ਕਿ ਉਹ ਵੀ ਆਪਣੇ ਪੱਧਰ ਉੱਤੇ ਹਰ ਬੂਥ ਉੱਤੇ ਇੱਕ-ਇੱਕ ਬੂਟਾ ਜ਼ਰੂਰ ਲਗਾਵੇ ਅਤੇ ਵੋਟਰਾਂ ਨੂੰ ਵੀ ਇਸ ਗੱਲ ਲਈ ਪ੍ਰੇਰਿਤ ਕਰਨ ਕਿ ਉਹ ਵੀ ਆਪਣੀ ਵੋਟ ਦੀ ਵਰਤੋਂ ਦੇ ਨਾਲ-ਨਾਲ ਇੱਕ-ਇੱਕ ਬੂਟਾ ਜ਼ਰੂਰ ਲਗਾਉਣ ਤਾਂ ਕਿ ਧਰਤੀ ਦੀ ਵੱਧ ਰਹੀ ਤਪਸ਼ ਨੂੰ ਘੱਟ ਕੀਤਾ ਜਾ ਸਕੇ। ਉਨ੍ਹਾਂ ਇਸ ਮੌਕੇ ਵਿਦਿਆਰਥੀਆਂ ਨੂੰ ਵੀ ਪ੍ਰੇਰਿਤ ਕਰਦਿਆਂ ਕਿਹਾ ਕਿ ਉਹ ਆਪਣੇ ਮਾਪਿਆਂ ਅਤੇ ਵੋਟਰਾਂ ਨੂੰ ਵੱਧ ਤੋਂ ਵੱਧ ਆਪਣੀ ਵੋਟ ਦੀ ਵਰਤੋਂ ਕਰਨ ਲਈ ਪ੍ਰੇਰਿਤ ਕਰਨ ਤਾਂ ਕਿ 70 ਪ੍ਰਤੀਸ਼ਤ ਦਾ ਟੀਚਾ ਪਾਰ ਕੀਤਾ ਜਾ ਸਕੇ। ਉਨ੍ਹਾਂ ਵਿਦਿਆਰਥੀਆਂ ਨੂੰ ਵੀ ਪ੍ਰੇਰਿਤ ਕੀਤਾ ਕਿ ਉਹ ਵੀ ਵੱਧ ਤੋਂ ਵੱਧ ਬੂਟੇ ਲਗਾਉਣ ਅਤੇ ਉਨ੍ਹਾਂ ਆਪਣੇ ਪ੍ਰੀਵਾਰ ਵਾਂਗ ਸੰਭਾਲ ਕਰਨ। ਇਸ ਮੌਕੇ ਉਨ੍ਹਾਂ ਦੇ ਨਾਲ ਸ਼੍ਰੀ ਵਰਿੰਦਰ ਕੁਮਾਰ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਵੀ ਮੌਜੂਦ ਸਨ।

# ਗਰੀਬ ਕਿਸਾਨ ਦੀ ਦੁਧਾਰੂ ਮੱਝ ਦੀ ਮੌਤ 'ਤੇ ਮੁਆਵਜ਼ੇ ਦੀ ਮੰਗ

ਸੇਰਪੁਰ (ਸੱਤਪਾਲ ਸਿੰਘ ਕਾਲਾਬੂਲਾ ) ਅੱਜ ਦੇ ਜ਼ਮਾਨੇ ਵਿੱਚ ਗਰੀਬ ਆਦਮੀ ਲਈ ਗੁਜ਼ਾਰਾ ਕਰਨਾ ਕਰਨਾ ਬਹੁਤ ਔਖਾ ਹੋ ਜਾਂਦਾ ਹੈ, ਖਾਸ ਕਰਕੇ ਉਦੋਂ ਜਦੋਂ ਪਰਿਵਾਰ ਦੇ ਗੁਜ਼ਾਰੇ ਦਾ ਸਾਰਾ ਦਾਰੋ ਮਾਰ ਮਹਿਜ ਡੰਗਰ ਪਸ਼ੂ ਪਾਲਕੇ ਹੀ ਹੁੰਦਾ ਹੋਵੇ। ਪਿਛਲੇ ਦਿਨੀਂ ਪਿੰਡ ਕਾਲਾਬੂਲਾ ਵਿਖੇ ਗਰੀਬ ਕਿਸਾਨ.ਨਿਰਭੈ ਸਿੰਘ ਪੁੱਤਰ ਮਹਿੰਦਰ ਸਿੰਘ ਦੀ ਇਕ ਦੁਧਾਰੂ ਮੱਝ ਜਿਸਦੀ ਬਜਾਰੀ ਕੀਮਤ ਲਗਭਗ ਸਵਾ ਲੱਖ ਦੇ ਕਰੀਬ ਹੋਵੇਗੀ, ਦੀ ਮੌਤ ਹੋ ਗਈ ਹੈ। ਡਾਕਟਰਾਂ ਅਤੇ ਲੈਬ ਟੈਸਟਾਂ ਮੁਤਾਬਕ ਮੌਤ ਦਾ ਕਾਰਨ ਦਿਮਾਗ਼ੀ ਇਨਫੈਕਸ਼ਨ ਸੀ। ਸੋ ਇਸ ਕੁਦਰਤੀ ਆਫਤ ਦੇ ਮੌਕੇ ਕਿਸਾਨ ਦੇ ਹੋਏ ਇਸ ਨੁਕਸਾਨ ਦੀ ਭਰਪਾਈ ਹੋਣੀ ਅਤੀ ਜ਼ਰੂਰੀ ਹੈ। ।ਕਿਉਂਕਿ ਇਹ ਗਰੀਬ ਕਿਸਾਨ ਦੀ ਦੁਧਾਰੂ ਮੱਝ ਦੀ ਮੌਤ ' ਤੇ ਮੁਆਵਜ਼ੇ ਦੀ ਮੰਗ ਕੀਤੀ ।ਦੀਦਾਰ ਸਿੰਘ ਸਾਬਕਾ ਪੰਚਾਇਤ ਮੈਂਬਰ, ਡਾ. ਰਣਜੀਤ ਸਿੰਘ ਕਾਲਾਬੂਲਾ, ਹਲਕਾ ਕੋਆਰਡੀਨੇਟਰ ਬੁੱਧੀਜੀਵੀ ਵਿੰਗ, ਮਹਿਲ ਕਲਾਂ, ਸਰਪੰਚ ਸੁਖਦੇਵ ਸਿੰਘ ਬਿੰਨੜ,ਸਾਬਕਾ ਪ੍ਰਧਾਨ ਸਤਿਗੁਰ ਸਿੰਘ,ਸ੍ਰੀ ਗੁਰੂ ਰਵਿਦਾਸ ਸਪੋਰਟਸ ਐਂਡ ਵੈਲਫੇਅਰ ਕਲੱਬ ਦੇ ਆਗੂ ਸੰਦੀਪ ਸਿੰਘ ਅਤੇ ਪਿੰਡ ਵਾਸੀਆਂ ਨੇ ਸਰਕਾਰ ਤੋਂ ਮੁਆਵਜੇ ਦੀ ਮੰਗ ਕੀਤੀ।



publisher/chief Editor
Aman Mehra
lok bani (news Paper)
lokbani08@gmail.com
www.lokbani.com
mob:99155-94111

Head Office:
Lokbani Sangam complex,Milap chowk jalandhar
Mob. 99155-94111

ਮਾਲਕ, ਪ੍ਰਕਾਸ਼ਕ, ਪ੍ਰਿੰਟਰ ਤੇ ਸੰਪਾਦਕ ਅਮਨ ਮੇਹਰਾ ਨੇ 'ਲੋਕ ਬਾਣੀ' ਦਾ ਇਹ ਅੰਕ ਰਚਨਾ ਪ੍ਰਿੰਟਰ, ਰੇਲਵੇ ਰੋਡ ਜਲੰਧਰ (ਪੰਜਾਬ) ਤੋਂ ਛਪਵਾ ਕੇ ਦਫਤਰ 'ਲੋਕ ਬਾਣੀ' ਸੰਗਮ ਕੰਪਲੈਕਸ ਮਿਲਾਪ ਚੌਂਕ ਜਲੰਧਰ (ਪੰਜਾਬ) ਤੋਂ ਪ੍ਰਕਾਸ਼ਤ ਕੀਤਾ।
RNI. PUNPUN/29016/2008

मालिक, प्रकाशक, प्रिंटर व संपादक अमन मेहरा ने लोक बाणी का यह अंक रचना प्रिंटर, रेलवे रोड जलंधर ( पंजाब ) से छपवाकर दफ्तर लोक बाणी संगम कंपलेक्स मिलाप चौक जलंधर ( पंजाब ) से प्रकाशित किया।
RNI. PUNPUN/29016/2008

Editor, printers and publisher Aman Mehra, Printed at Rachna printers, Railwy Road Jalandhar (punjab) Office lokbani, Sangam complex Milap Chowk Jalandhar (punjab)
RNI. PUNPUN/29016/2008

# ਅੱਬਲਖੈਰ ਦੇ ਸਰਪੰਚ ਡੈਨੀਅਲ ਗਿੱਲ ਨੇ ਸਾਥੀਆਂ ਸਮੇਤ ਛੱਡੀ ਆਮ ਆਦਮੀ ਪਾਰਟੀ

## ਵੱਡੀ ਗਿਣਤੀ 'ਚ ਸਾਥੀਆਂ ਸਮੇਤ ਕਾਂਗਰਸ ਪਾਰਟੀ ਚ ਹੋਏ ਸ਼ਾਮਿਲ.

ਦੀਨਾਨਗਰ, 21 ਮਈ (ਡਾ.ਰਮੇਸ਼ ਸਰੰਗਲ ) ਦੀਨਾਨਗਰ ਦੇ ਪੈਂਦੇ ਪਿੰਡ ਅੱਬਲਖੈਰ ਦੇ ਸਰਪੰਚ ਡੈਨੀਅਲ ਗਿੱਲ ਆਪਣੇ ਅਨੇਕਾਂ ਸਾਥੀਆਂ ਸਮੇਤ ਆਮ ਆਦਮੀ ਪਾਰਟੀ ਨੂੰ ਅਲਵਿਦਾ ਕਹਿ ਕਾਂਗਰਸ ਪਾਰਟੀ ਚ ਸ਼ਾਮਿਲ ਹੋ ਗਏ । ਕਾਂਗਰਸ ਪਾਰਟੀ ਚ ਸ਼ਾਮਿਲ ਹੋਣ ਵਾਲਿਆਂ ਨੂੰ ਵਿਧਾਇਕਾ ਅਰੁਨਾ ਚੋਧਰੀ ਅਤੇ ਸੀਨੀਅਰ ਕਾਂਗਰਸੀ ਨੇਤਾ ਅਸ਼ੋਕ ਚੌਧਰੀ ਵੱਲੋਂ ਸਨਮਾਨਿਤ ਵੀ ਕੀਤਾ ਗਿਆ।




ਇਸ ਮੌਕੇ ਤੇ ਸਰਪੰਚ ਡੈਨੀਅਲ ਗਿੱਲ ਨੇ ਕਿਹਾ ਕਿ ਮੈ ਪਹਿਲਾਂ ਵੀ ਕਾਂਗਰਸੀ ਸੀ ਪਰ ਆਪ ਪਾਰਟੀ ਦੀ ਸਰਕਾਰ ਆਉਂਦਿਆਂ ਹੀ ਆਪ ਆਗੂ ਵੱਲੋਂ ਮੈਨੂੰ ਧੱਕੇ ਨਾਲ ਆਪ ਪਾਰਟੀ ਚ ਸ਼ਾਮਿਲ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਮੈ ਪਹਿਲਾਂ ਵੀ ਕਾਂਗਰਸੀ ਸੀ ਤੇ ਅੱਜ ਵੀ ਕਾਂਗਰਸੀ ਹਾਂ। ਉਨਾਂ ਕਿਹਾ ਕਿ ਅੱਜ ਮੈ ਆਪਣੇ ਅਨੇਕਾਂ ਸਾਥੀਆਂ ਸਮੇਤ ਕਾਂਗਰਸ ਪਾਰਟੀ ਚ ਵਾਪਸੀ ਕੀਤੀ ਹੈ ਅਤੇ ਤਨਦੇਹੀ ਨਾਲ ਸੁਖਜਿੰਦਰ ਸਿੰਘ ਰੰਧਾਵਾ ਨੂੰ ਜਿਤਾਉਣ ਲਈ ਰਾਤ ਦਿਨ ਇੱਕ ਕੀਤਾ ਜਾਵੇਗਾ।

ਓਧਰ ਸੀਨੀਅਰ ਨੇਤਾ ਅਸ਼ੋਕ ਚੌਧਰੀ ਨੇ ਆਮ ਆਦਮੀ ਪਾਰਟੀ ਨੂੰ ਅਲਵਿਦਾ ਕਹਿ ਕਾਂਗਰਸ ਪਾਰਟੀ ਚ ਸ਼ਾਮਿਲ ਹੋਣ ਵਾਲਿਆਂ ਦਾ ਸਨਮਾਨ ਕਰਦਿਆਂ ਕਿਹਾ ਕਿ ਪਿੰਡ ਅੱਬਲਖੈਰ ਦਾ ਸਰਪੰਚ ਡੈਨੀਅਲ ਗਿੱਲ ਕਾਂਗਰਸ ਪਾਰਟੀ ਦਾ ਪੱਕਾ ਸਿਪਾਹੀ ਹੈ ਅਤੇ ਇਹ ਕਿਸੇ ਦੇ ਬਹਿਕਾਵੇ ਚ ਆ ਕੇ ਆਪ ਪਾਰਟੀ ਚ ਸ਼ਾਮਿਲ ਹੋ ਗਿਆ ਸੀ। ਉਨਾਂ ਕਿਹਾ ਕਿ ਅੱਜ ਬਹੁਤ ਖੁਸ਼ੀ ਦਾ ਦਿਨ ਹੈ ਕਿ ਡੈਨੀਅਲ ਗਿੱਲ ਨੇ ਅੱਜ ਫਿਰ ਘਰ ਵਾਪਸੀ ਕੀਤੀ ਹੈ। ਉਨਾਂ ਆਪ ਆਗੂ ਤੇ ਵਰਦਿਆਂ ਕਿਹਾ ਕਿ ਆਪ ਆਗੂ ਹਰੇਕ ਪਿੰਡ ਪਿੰਡ ਜਾ ਕੇ ਆਪਣੇ ਚਹੇਤਿਆਂ ਨੂੰ ਬਿਨਾਂ ਕਿਸੇ ਚੋਣ ਦੇ ਸਰਪੰਚ ਆਨਾਊਂਸ ਕਰੀ ਜਾ ਰਿਹਾ ਹੈ ਜੋ ਕਿ ਉਨ੍ਹਾਂ ਨਾਲ ਧੋਖਾ ਕਰ ਰਿਹਾ ਹੈ। ਉਨਾਂ ਆਪ ਆਗੂ ਨੂੰ ਚਿਤਾਵਨੀ ਦਿੱਤੀ ਕਿ ਆਪਣੀਆਂ ਅਜਿਹੀਆਂ ਕੋਝੀਆਂ ਹਰਕਤਾਂ ਤੋਂ ਬਾਝ ਆਵੇ ਅਤੇ ਸਰਪੰਚ ਉਹੀ ਬਣੇਗਾ ਜਿਸਨੂੰ ਪਿੰਡ ਦੇ ਲੋਕ ਵੋਟਾਂ ਪਾ ਕੇ ਬਣਾਉਣਗੇ। ਇਸ ਮੌਕੇ ਤੇ ਚੇਅਰਮੈਨ ਹਰਵਿੰਦਰ ਸਿੰਘ ਭੱਟੀ, ਪੰਚ ਰਫੀਕ ਮਸੀਹ, ਅਸ਼ੋਕ ਮਸੀਹ, ਅਮਰੀਕ ਮਸੀਹ, ਮੇਜਰ ਮੰਗਾ ਮਸੀਹ, ਵਿਜੇ ਗਿੱਲ, ਗੁਰਮੀਤ ਸਿੰਘ, ਡਾ, ਸੁਰੇਸ਼ ਕੁਮਾਰ, ਪੇਂਟਰ ਸੂਰਜ ਕੁਮਾਰ, ਅਵਤਾਰ ਸਿੰਘ, ਪ੍ਰਭ ਧਾਰੋਚੱਕ, ਸਰਪੰਚ ਗੁਰਮੁਖ ਸਿੰਘ, ਮਨਜੀਤ ਸਿੰਘ ਖਰਲ, ਬਲਦੇਵ ਸਿੰਘ, ਦਲਬੀਰ ਮਸੀਹ, ਅੰਬੀਰ ਮਸੀਹ, ਹੀਰਾ ਗਿੱਲ, ਤਰਲੋਕ ਸਿੰਘ, ਰਮਨ ਪਾਲ, ਵਿਕਟਰ ਗਿੱਲ, ਜਸਬੀਰ ਮਸੀਹ, ਅਸ਼ੋਕ, ਹਰਜੀਤ ਮਸੀਹ, ਨਿਸ਼ਾਨ ਸਿੰਘ ਲੰਬੜਦਾਰ , ਭਜਨ ਸਿੰਘ ਅਤੇ ਬਿੱਕਾ ਗਿੱਲ ਆਦਿ ਹਾਜ਼ਰ ਸਨ।

## ਖਰੜ ਹਲਕੇ ਵਿਚ 'ਸਾਡਾ ਮਿਸ਼ਨ ਗਰੀਨ ਇਲੈਕਟਸ਼ਨ-2024' ਪੌਦੇ ਲਗਾਉਣ ਅਤੇ ਪਲਾਸਟਿਕ ਮੁਕਤ ਲਈ ਵਿਸੇਸ਼ ਮੁਹਿੰਮ ਚਲਾਂਈ ਜਾ ਰਹੀ: ਗੁਰਮੰਦਰ ਸਿੰਘ



ਖਰੜ,21 ਮਈ (ਕਾਲਾ ਸਿੰਘ ਸੈਣੀ )-ਲੋਕ ਸਭਾ ਚੋਣਾਂ ਨੂੰ ਲੈ ਕੇ ਵਿਧਾਨ ਸਭਾ ਹਲਕਾ ਖਰੜ ਵਿਚ ਭਾਰਤ ਦੇ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਤੇ ਚੋਣ ਅਬਜ਼ਰਵਰ ਦੇ ਦਿਸ਼ਾ ਨਿਰਦੇਸ਼ਾਂ ਹੇਠ ' ਸਾਡਾ ਮਿਸ਼ਨ ਗਰੀਨ ਇਲੈਕਸ਼ਨ-2024' ਤਹਿਤ 1 ਜਨਵਰੀ ਨੂੰ ਵੋਟਿੰਗ ਵਾਲੇ ਦਿਨ ਵੋਟਰਾਂ ਨੂੰ ਪੌਦੇ ਵੰਡਣ ਅਤੇ ਉਸ ਤੋ ਪਹਿਲਾਂ ਵੱਖ ਵੱਖ ਥਾਵਾਂ ਤੇ ਪੌਦੇ ਲਗਾਉਣ ਅਤੇ ਪਿੰਡਾਂ ਅਤੇ ਸ਼ਹਿਰਾਂ ਨੂੰ ਪਲਾਸਟਿਕ ਮੁਕਤ ਕਰਨ ਲਈ ਵਿਸ਼ੇਸ ਮੁਹਿੰਮ ਚਲਾਈ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਧਾਨ ਸਭਾ ਹਲਕਾ ਖਰੜ ਦੇ ਸਹਾਇਕ ਰਿਟਰਨਿੰਗ ਅਫਸਰ-ਕਮ-ਐਸ.ਡੀ.ਐਮ.ਖਰੜ ਗੁਰਮੰਦਰ ਸਿੰਘ ਨੇ ਦਿੰਦਿਆ ਦਸਿਆ ਕਿ ਇਸ ਮੁਹਿਮ ਵਿਚ ਸਰਕਾਰੀ ਵਿਭਾਗਾਂ, ਸਮਾਜ ਸੇਵੀ ਸੰਸਥਾਵਾਂ ਦਾ ਸਹਿਯੋਗ ਵੀ ਲਿਆ ਜਾਵੇਗਾ ਅਤੇ ਰਾਜਨੀਤਿਕ ਪਾਰਟੀਆਂ ਨਾਲ ਮੀਟਿੰਗ ਵੀ ਕਰਦੇ ਹਰ ਪੋਲਿੰਗ ਬੂਥ ਤੇ ਗਰਮੀ ਤੋਂ ਰਾਹਤ ਲਈ ਠੰਡੇ ਮਿੱਠੇ ਪਾਣੀ ਦੀਆਂ ਛਬੀਲਾਂ ਅਤੇ ਟੈਂਟ ਲਗਾਉਣ ਲਈ ਹਦਾਇਤਾ ਜਾਰੀ ਕੀਤੀਆਂ ਗਈਆਂ ਹਨ। ਉਨ੍ਹਾਂ ਦਸਿਆ ਕਿ ਗਰਮੀ ਨੂੰ ਲੈ ਕੇ ਸਬ ਡਵੀਜ਼ਨ ਖਰੜ ਦੇ ਹਸਪਤਾਲਾਂ, ਡਿਸਪੈਸਰੀਆਂ ਨੂੰ ਵਿਸ਼ੇਸ ਤੌਰ ਤੇ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਉਹ 5 ਜੋਨਾਂ ਵਿਚ ਇੱਕ ਐਬੂਲੈਸ ਅਤੇ ਮੈਡੀਕਲ ਕਿੱਟ ਪ੍ਰੋਵਾਈਡਰ ਕਰਵਾਣਗੇ ਅਤੇ ਸਾਰਾ ਦਿਨ ਹਸਪਤਾਲ, ਡਿਸਪੈਸਰੀਆਂ ਖੁੱਲੀਆਂ ਰਹਿਣਗੀਆਂ। ਉਨ੍ਹਾਂ ਦਸਿਆ ਕਿ ਹਲਕੇ ਵਿਚ 27 ਸੈਕਟਰ ਅਫਸਰ ਤਾਇਨਾਤ ਹਨ ਅਤੇ ਸਵੀਪ ਪ੍ਰੋਗਰਾਮ ਤਹਿਤ ਨੁਕੜ ਨਾਟਕ ਟੀਮ ਵਲੋਂ ਪਿੰਡਾਂ ਅਤੇ ਸ਼ਹਿਰਾਂ ਵਿਚ ਵੱਖ ਵੱਖ ਥਾਵਾਂ ਤੇ ਪ੍ਰੋਗਰਾਮ ਕਰਕੇ ਵੋਟਰਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਉਨ੍ਹਾਂ ਦਸਿਆ ਕਿ ਖਰੜ ਹਲਕੇ ਨਾਲ ਇੰਟਰਸਟੇਟ ਹੱਦਾਂ ਲੱਗਣ ਕਾਰਨ 12 ਐਸ.ਐਸ.ਟੀ ਅਤੇ ਐਫ.ਐਸ.ਟੀ.ਦਿਨ ਰਾਤ ਕੰਮ ਕਰ ਰਹੇ ਹਨ, ਰਾਜਨੀਤਿਕ ਪਾਰਟੀਆਂ ਦੇ ਉਮੀਦਵਾਰਾਂ ਵਲੋਂ ਚੋਣ ਜਾਬਤਾ ਦੀ ਉਲੰਘਣਾ ਕਰਨ ਤੇ ਨੋਟਿਸ ਜਾਰੀ ਕੀਤੇ ਗਏ ਹਨ ਅਤੇ ਉਨ੍ਹਾਂ ਨੂੰ ਵੀ ਖਰਚਾ ਵੀ ਪਾਇਆ ਗਿਆ ਹੈ। ਉਨ੍ਹਾਂ ਦਸਿਆ ਕਿ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ 26,27 ਮਈ ਨੂੰ ਹੋਮ ਵੋਟਿੰਗ ਲਈ ਘਰ ਘਰ ਜਾ ਕੇ ਵੋਟਿੰਗ ਪੁਆਉਣਗੀਆਂ, 23,24 ਮਈ ਨੂੰ ਮਸ਼ੀਨਾਂ ਦੀ ਤਿਆਰੀ ਕੀਤੀ ਜਾਵੇਗੀ ਅਤੇ 25 ਮਈ ਨੂੰ ਮਾਈਕਰੋ ਅਬਜ਼ਰਵਰਾਂ ਦੀ ਟ੍ਰੇਨਿੰਗ ਅਤੇ 26 ਮਈ ਨੂੰ ਪੋਲਿੰਗ ਸਟਾਫ ਦੀ ਰਿਹਸਲ ਹੋਵੇਗੀ। ਉਨ੍ਹਾਂ ਦਸਿਆ ਕਿ ਹਲਕੇ ਵਿਚ ਕੁੱਲ 278 ਪੋਲਿੰਗ ਬੂਥ ਹੋਣਗੇ ਜਿਨ੍ਹਾਂ ਵਿਚੋ 10 ਪੋਲਿੰਗ ਬੂਥਾਂ ਨੂੰ ਮਾਡਲ ਬਣਾਇਆ ਜਾ ਰਿਹਾ ਹੈ। ਉਨ੍ਹਾਂ ਦਸਿਆ ਕਿ ਇਸ ਮੁਹਿਮ ਨੂੰ ਸਫਲ ਬਣਾਉਣ ਲਈ ਵਣ ਰੇਜ਼ ਅਫਸਰ, ਬਾਗਬਾਨੀ ਵਿਭਾਗ, ਸਵੀਪ ਨੋਡਲ ਅਫਸਰ, ਬੀ.ਡੀ.ਪੀ.ਓ ਖਰੜ, ਮਾਜਰੀ, ਸਕੱਤਰ ਮਾਰਕੀਟ ਕਮੇਟੀ ਖਰੜ, ਕੁਰਾਲੀ, ਲੀਡ ਬੈਕ ਅਫਸਰ ਸਮੇਤ ਹੋਰ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ, ਨੁਮਾਇੰਦਿਆਂ ਨਾਲ ਮੀਟਿੰਗ ਕਰਕੇ ਹਦਾਇਤਾਂ ਜਾਰੀ ਕੀਤੀਆਂ ਜਾ ਚੁੱਕੀਆਂ ਹਨ।

## ਪਿੰਡ ਮਾਜਰਾ ਜੱਟਾਂ ਵਿਚ ਇੱਕ ਘਰ 'ਤੇ ਅਣਪਛਾਤਿਆਂ ਨੇ ਕੀਤਾ ਹਮਲਾ, ਘਰ ਅੰਦਰ ਸੁਟਿਆ ਪੈਟਰੋਲ ਬੰਬ ਤੇ ਗੇਟ ਨੂੰ ਲਗਾਈ ਅੱਗ






ਕਾਠਗੜ੍ਹ, 21 ਮਈ (ਜਤਿੰਦਰ ਪਾਲ ਸਿੰਘ ਕਲੇਰ ) ਕਾਠਗੜ੍ਹ ਦੇ ਨੇੜੇ ਦੇ ਪਿੰਡ ਮਾਜਰਾਜੱਟਾਂ ਦੇ ਇੱਕ ਘਰ ਵਿਚ ਬੀਤੀ ਰਾਤ ਕੁੱਝ ਅਣਪਛਾਤੇ ਵਿਅਕਤੀਆਂ ਵਲੋਂ ਹਮਲਾ ਕੀਤੇ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ ਪਰ ਇਸ ਹਮਲੇ ਵਿਚ ਕਿਸੇ ਵੀ ਤਰ੍ਹਾਂ ਦੇ ਜਾਨੀ ਨੁਕਸਾਨ ਤੋਂ ਬਚਾਅ ਹੋ ਗਿਆ।

ਇਸ ਸੰਬੰਧੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪੀੜਤ ਪਰਿਵਾਰ ਦੇ ਮੈਂਬਰ ਸੁੱਚਾ ਸਿੰਘ ਮਾਜਰਾਜੱਟਾਂ ਨੇ ਦੱਸਿਆ ਕਿ ਉਹਨਾਂ ਦਾ ਘਰ ਪਿੰਡ ਦੀ ਲਿੰਕ ਸੜਕ ਤੇ ਹੈ ਉਹਨਾਂ ਨੇ ਦੱਸਿਆ ਬੀਤੀ ਰਾਤ ਜਦੋਂ ਸਾਰਾ ਟੱਬਰ ਸੌਂ ਰਿਹਾ ਸੀ ਕਰੀਬ ਸਾਢੇ 11-12 ਵਜੇ ਕਰੀਬ ਉਹਨਾਂ ਨੂੰ ਕਿਸੇ ਜ਼ੋਰ ਨਾਲ ਵੱਜੇ ਪਟਾਕੇ ਦੀ ਅਵਾਜ਼ ਸੁਣਾਈ ਦਿੱਤੀ ਤਾਂ ਉਹਨਾਂ ਨੇ ਤੁਰੰਤ ਉਠ ਕੇ ਵੇਖਿਆ ਕਿਸੇ ਨੇ ਬੋਤਲ ਨੂੰ ਪੈਟਰੋਲ ਬੰਬ ਬਣਾ ਕੇ ਅੰਦਰ ਸੁਟਿਆ ਹੋਇਆ ਸੀ ਤੇ ਉਸ ਨੂੰ ਅੱਗ ਲੱਗੀ ਹੋਈ ਸੀ ਜਦਕਿ ਘਰ ਦੇ ਗੇਟ ਨੂੰ ਵੀ ਪੈਟਰੋਲ ਸੁੱਟ ਕੇ ਅੱਗ ਲਗਾਈ ਹੋਈ ਸੀ। ਇਹ ਦੇਖ ਕੇ ਪੂਰਾ ਪਰਿਵਾਰ ਕਾਫੀ ਘਬਰਾ ਗਿਆ ਅਤੇ ਉਹਨਾਂ ਦੇ ਗੁਆਂਢੀ ਵੀ ਇਕੱਠੇ ਹੋਣੇ ਸ਼ੁਰੂ ਹੋ ਗਏ। ਸੁੱਚਾ ਸਿੰਘ ਨੇ ਦੱਸਿਆ ਕਿ ਜਦੋਂ ਉਹਨਾਂ ਨੇ ਗੇਟ ਦੇਖਿਆ ਤਾਂ ਗੇਟ ਉਤੇ ਤੇਜ਼ਧਾਰ ਹਥਿਆਰਾਂ ਦੇ ਨਿਸ਼ਾਨ ਸਨ। ਇਸ ਤੋਂ ਇਲਾਵਾ ਹਮਲਾਵਰਾਂ ਵਲੋਂ ਘਰ ਵਿਚ ਬੀਅਰ ਦੀਆਂ ਬੋਤਲਾਂ ਵੀ ਸੁੱਟੀਆਂ ਹੋਈਆਂ ਸਨ। ਉਹਨਾਂ ਦੱਸਿਆ ਇਹ ਹਮਲਾ ਉਹਨਾਂ ਦੇ ਘਰ ਉਤੇ ਕੁੱਝ ਅਣਪਛਾਤੇ ਵਿਅਕਤੀਆਂ ਵਲੋਂ ਕੀਤਾ ਗਿਆ ਹੈ ਜਿਸ ਨਾਲ ਪੂਰਾ ਪਰਿਵਾਰ ਸਹਿਮ ਦੇ ਮਾਹੌਲ ਵਿਚ ਹੈ। ਉਹਨਾਂ ਦੱਸਿਆ ਕਿ ਹਮਲੇ ਤੋਂ ਬਾਅਦ ਹਮਲਾਵਰ ਕਿਧਰੇ ਵੀ ਨਜ਼ਰ ਨਹੀਂ ਆਏ।

ਸੁੱਚਾ ਸਿੰਘ ਨੇ ਦੱਸਿਆ ਉਹਨਾਂ ਦੀ ਨਾ ਤਾਂ ਕਿਸੇ ਨਾਲ ਕੋਈ ਜਾਤੀ ਰੰਜਿਸ਼ ਹੈ ਤੇ ਨਾ ਹੀ ਕਿਸੇ ਨਾਲ ਵੈਰ ਵਿਰੋਧ ਹੈ ਪਰ ਫਿਰ ਵੀ ਉਹਨਾਂ ਦੇ ਘਰ 'ਤੇ ਕੀਤਾ ਗਿਆ ਇਹ ਹਮਲਾ ਪਤਾ ਨਹੀਂ ਕਿਉਂ ਕੀਤਾ ਗਿਆ ਹੈ। ਉਹਨਾਂ ਦੱਸਿਆ ਕਿ ਇਸ ਵਾਰਦਾਤ ਸਬੰਧੀ ਉਹਨਾਂ ਵਲੋਂ ਪੁਲਿਸ ਨੂੰ ਸ਼ਿਕਾਇਤ ਕਰ ਦਿੱਤੀ ਗਈ ਹੈ। ਉਹਨਾਂ ਦੱਸਿਆ ਕਿ ਪਿੰਡ ਵਿਚ ਇਸ ਵਾਰਦਾਤ ਕਾਰਨ ਦਹਿਸ਼ਤ ਦਾ ਮਹੌਲ ਬਣਿਆ ਹੋਇਆ ਹੈ।

ਪਿੰਡ ਮਾਜਰਾ ਜੱਟਾਂ ਦੇ ਕੁੱਝ ਵਸਨੀਕਾਂ ਨੇ ਦੱਸਿਆ ਜਿਸ ਘਰ 'ਤੇ ਹਮਲਾ ਕੀਤਾ ਗਿਆ ਹੈ ਉਹ ਤਾਂ ਬਹੁਤ ਹੀ ਸ਼ਰੀਫ ਪਰਿਵਾਰ ਹੈ ਤੇ ਉਹਨਾਂ ਦਾ ਕਿਸੇ ਨਾਲ ਕੋਈ ਵੈਰ ਵਿਰੋਧ ਨਹੀਂ ਹੈ। ਪਿੰਡ ਨਿਵਾਸੀਆਂ ਨੇ ਪੁਲਿਸ ਤੋਂ ਮੰਗ ਕੀਤੀ ਹੈ ਕਿ ਉਕਤ ਵਾਰਦਾਤ ਦੀ ਜਾਂਚ ਪੜਤਾਲ ਕੀਤੀ ਜਾਵੇ ਅਤੇ ਰਾਤ ਸਮੇਂ ਪਿੰਡਾਂ ਵਿਚ ਗਸ਼ਤ ਜ਼ਰੂਰ ਕੀਤੀ ਜਾਵੇ ਤਾਂ ਜੋ ਲੋਕਾਂ ਦੇ ਮਨਾਂ ਵਿਚੋਂ ਡਰ ਦਾ ਮਾਹੌਲ ਵਿੱਚੋਂ ਬਾਹਰ ਨਿਕਲ ਨਿਕਲ ਸਕੇ।

# ਆਂਗਣਵਾੜੀ ਸੈਂਟਰਾਂ ਵਿੱਚ ਆ ਰਹੀਆਂ ਸਮੱਸਿਆਵਾਂ ਸਬੰਧੀ ਸੀਡੀਪੀਓ ਨੂੰ ਦਿੱਤਾ ਮੰਗ ਪੱਤਰ

## ਆਂਗਣਵਾੜੀ ਆਗੂ ਸ਼ਿੰਦਰ ਕੌਰ ਬੜੀ ਨੇ ਮੁੜ ਸੰਭਾਲਿਆ ਅਹੁਦਾ




ਸ਼ੇਰਪੁਰ 21 ਮਈ ( ਸੱਤਪਾਲ ਸਿੰਘ ਕਾਲਾਬੂਲਾ) - ਆਂਗਣਵਾੜੀ ਮੁਲਾਜ਼ਮ ਯੂਨੀਅਨ ਸੀਟੂ (ਪੰਜਾਬ) ਬਲਾਕ ਸ਼ੇਰਪੁਰ ਦੇ ਸਰਕਲ ਆਗੂਆਂ ਦੀ ਵਿਸ਼ੇਸ਼ ਮੀਟਿੰਗ ਕਾਰਜਕਾਰੀ ਬਲਾਕ ਪ੍ਰਧਾਨ ਸੁਰਿੰਦਰ ਪਾਲ ਕੌਰ ਬਾਲੀਆਂ ਦੀ ਅਗਵਾਈ ਹੇਠ ਹੋਈ। ਜਿਸ ਵਿੱਚ ਜਥੇਬੰਦੀ ਦੀ ਜ਼ਿਲਾਂ ਜਨਰਲ ਸੈਕਟਰੀ ਅਤੇ ਬਲਾਕ ਪ੍ਰਧਾਨ ਸ਼ੇਰਪੁਰ ਸ਼ਿੰਦਰ ਕੌਰ ਬੜੀ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਜਿਸ ਵਿੱਚ ਬਲਾਕ ਸ਼ੇਰਪੁਰ ਦੀਆਂ ਆਂਗਣਵਾੜੀ ਵਰਕਰ ਤੇ ਹੈਲਪਰਜ਼ ਨੇ ਭਾਗ ਲਿਆ । ਆਂਗਣਵਾੜੀ ਵਰਕਰਾਂ ਅਤੇ ਹੈਲਪਰਾਂ ਨੇ ਆਂਗਣਵਾੜੀ ਸੈਂਟਰਾਂ ਵਿੱਚ ਆ ਰਹੀਆਂ ਸਮੱਸਿਆਵਾਂ ਬਾਰੇ ਚਾਨਣਾ ਪਾਇਆ ਅਤੇ ਜਥੇਬੰਦੀ ਦੀਆਂ ਗਤੀ ਵਿਧੀਆਂ ਵਿੱਚ ਆਈ ਖੜੋਤ ਨੂੰ ਵੇਖਦਿਆਂ ਬਲਾਕ ਕਾਰਜਕਾਰੀ ਪ੍ਰਧਾਨ ਸੁਰਿੰਦਰ ਪਾਲ ਕੌਰ ਬਾਲੀਆਂ ਨੇ ਅਹੁਦਾ ਸ਼ਿੰਦਰ ਕੌਰ ਬੜੀ ਨੂੰ ਸੌਂਪਿਆ। ਜਿਸ ਦੀ ਪੁਸ਼ਟੀ ਸੂਬਾ ਪ੍ਰਧਾਨ ਊਸ਼ਾ ਰਾਣੀ ਨੇ ਕੀਤੀ। ਵਰਕਰਾਂ ਅਤੇ ਹੈਲਪਰਾਂ ਦੀਆਂ ਸਮੱਸਿਆਵਾਂ ਨੂੰ ਮੱਦੇ ਨਜ਼ਰ ਰੱਖਦਿਆਂ ਬਲਾਕ ਪ੍ਰਧਾਨ ਸ਼ਿੰਦਰ ਕੌਰ ਬੜੀ ਦੀ ਅਗਵਾਈ ਵਿੱਚ ਮੈਡਮ ਕਿਰਨਪ੍ਰੀਤ ਕੌਰ ਬਾਲ ਵਿਕਾਸ ਪ੍ਰੋਜੈਕਟ ਅਫਸਰ ਸ਼ੇਰਪੁਰ ਨੂੰ ਮੰਗ ਪੱਤਰ ਸੌਂਪਿਆ ਗਿਆ ਜਿਸ ਵਿੱਚ ਉਹਨਾਂ ਆਂਗਣਵਾੜੀ ਸੈਂਟਰਾਂ ਵਿੱਚ ਸਿਹਤ ਵਿਭਾਗ ਵੱਲੋਂ ਦਿੱਤੀਆਂ ਜਾ ਰਹੀਆਂ ਦਵਾਈਆਂ ਸੀਰਪ ਜਾਂ ਗੋਲੀਆਂ

ਬਾਰੇ ਕਿਹਾ ਕਿ ਇਸ ਸਬੰਧੀ ਸਾਨੂੰ ਕੋਈ ਟ੍ਰੇਨਿੰਗ ਨਹੀਂ ਹੈ ਇਸ ਦੀ ਬਕਾਇਦਾ ਟ੍ਰੇਨਿੰਗ ਦਿੱਤੀ ਜਾਵੇ ਜਾਂ ਸਿਹਤ ਵਿਭਾਗ ਦੀ ਟੀਮ ਨਾਲ ਦਵਾਈਆਂ ਵੰਡਣਾ ਨਿਰਧਾਰਿਤ ਕੀਤਾ ਜਾਵੇ। ਸੈਂਟਰਾਂ ਵਿੱਚ ਪਹਿਲਾਂ ਵਾਲੀ ਰੈਸਪੀ ਹੀ ਮੰਗਵਾਈ ਜਾਵੇ ਜਿਵੇਂ ਕਿ ਸੁੱਕੇ ਰਾਸ਼ਨ ਦੇ ਰੂਪ ਵਿੱਚ ਆਉਂਦੀ ਸੀ। ਸੈਂਟਰਾਂ ਵਿੱਚ ਰਾਸ਼ਨ ਸਹੀ ਸਮੇਂ ਤੇ ਅਤੇ ਇਕੱਠਾ ਭੇਜਿਆ ਜਾਵੇ । ਆਂਗਣਵਾੜੀ ਸੈਂਟਰ ਵਿੱਚ ਸਿਲੰਡਰ ਭਰਵਾਉਣ ਸਬੰਧੀ ਹੁਕਮ ਸਾਫ ਕੀਤੇ ਜਾਣ। ਸੁਪਰਵਾਈਜ਼ਰਰਾਂ ਵੱਲੋਂ ਨਵੀਂ ਰਿਪੋਰਟ ਮੰਗਣ ਤੇ ਵਰਕਰਾਂ ਹੈਲਪਰਾ ਨੂੰ ਟ੍ਰੇਨਿੰਗ ਦਿੱਤੀ ਜਾਵੇ ਜਿਵੇਂ ਕਿ ਪੀਐਮਐਮਵਾਈ ਦੇ ਫਾਰਮ ਭਰਨੇ ਜਾਂ ਕੋਈ ਵੀ ਪੋਸ਼ਣ ਪੋਰਟਲ ਤੇ ਕੰਮ ਕਰਨਾ ਹੈ। ਸਰਕਲਾਂ ਦੀਆਂ ਮੀਟਿੰਗਾਂ ਹੈਡ ਕੁਆਰਟਰ ਤੇ ਹੀ ਕੀਤੀਆਂ ਜਾਣ । ਸੇਵਾ ਮੁਕਤ ਸੁਪਰਵਾਈਜ਼ਰ ਜਾਂ ਦਫਤਰੀ ਅਮਲਾ ਮੁੜ ਦਫਤਰ ਵਿੱਚ ਰੱਖਣ ਤੇ ਆਂਗਣਵਾੜੀ ਵਰਕਰਾਂ/ ਹੈਲਪਰਾਂ ਵੱਲੋਂ ਪ੍ਰਤੀ ਸੈਂਟਰ ਕੋਈ ਰਾਸ਼ੀ ਨਹੀਂ ਦਿੱਤੀ ਜਾਵੇਗੀ ਇਸ ਦੀ ਜ਼ਿੰਮੇਵਾਰੀ ਬਾਲ ਵਿਕਾਸ ਪ੍ਰੋਜੈਕਟ ਅਫਸਰ ਦੀ ਹੋਵੇਗੀ। ਆਂਗਣਵਾੜੀ ਆਗੂ ਬੜੀ ਨੇ ਕਿਹਾ ਕਿ ਜਥੇਬੰਦੀ ਹਮੇਸ਼ਾ ਆਪਣੇ ਵਰਕਰਾਂ ਅਤੇ ਹੈਲਪਰਾਂ ਦੇ ਨਾਲ ਹੱਕੀ ਮੰਗਾਂ ਲਈ ਮੋਢੇ ਨਾਲ ਮੋਢਾ ਲਾ ਕੇ ਖੜੀ ਹੈ ਅਤੇ ਹੱਕੀ ਮੰਗਾਂ ਲਈ ਸੰਘਰਸ਼ ਹੀ ਇੱਕ ਰਾਹ ਹੈ, ਉਹਨਾਂ ਜਥੇਬੰਦੀ ਦੀਆਂ ਲੜਾਕੂਆਂ ਨੂੰ ਕਿਹਾ ਕਿ ਆਓ ਇੱਕਜੁੱਟ ਹੋਈਏ ਅਤੇ ਆਪਣੇ ਹੱਕਾਂ ਲਈ ਸੰਘਰਸ਼ ਕਰੀਏ। ਇਸ ਮੌਕੇ ਸੁਪਰਵਾਈਜ਼ਰ ਸ਼ਬਨਮ , ਸੁਪਰਵਾਈਜ਼ਰ ਜਸਪਾਲ ਕੌਰ, ਸੁਖਪ੍ਰੀਤ ਕੌਰ, ਸੁਰਿੰਦਰ ਪਾਲ ਕੌਰ ਬਾਲੀਆਂ , ਕਮਲੇਸ਼ ਰਾਣੀ ਖੇੜੀ ਕਲਾ, ਗੁਰਮੀਤ ਕੌਰ , ਜੀਤ ਕੌਰ ਕਿਲਾ ਹਕੀਮਾਂ , ਬਲਵੰਤ ਕੌਰ ਘਨੌਰੀ ,ਰੀਟਾ ਘਨੌਰੀ ਕਲਾਂ , ਬਲਜੀਤ ਕੌਰ, ਰਾਜਵਿੰਦਰ ਕੌਰ ਘਨੌਰੀ ਤੋਂ ਇਲਾਵਾ ਹੋਰ ਵੀ ਸਾਥੀ ਮੌਜੂਦ ਸਨ।

# ਕਾਨਪੁਰ 'ਚ ਲਟਕਦੀ ਮਿਲੀ ਲੜਕੀ ਦੀ ਲਾਸ਼, ਜਾਂਚ 'ਚ ਜੁਟੀ ਪੁਲਸ




ਕਾਨਪੁਰ ਸੁਨੀਲ ਬਾਜਪਾਈ- ਅੱਜ ਮੰਗਲਵਾਰ ਨੂੰ ਗੁਜੈਨੀ ਥਾਣਾ ਖੇਤਰ 'ਚ ਇਕ ਕਮਰੇ 'ਚ ਇਕ ਲੜਕੀ ਦੀ ਲਾਸ਼ ਲਟਕਦੀ ਮਿਲੀ। ਸੂਚਨਾ ਮਿਲਣ 'ਤੇ ਮੌਕੇ 'ਤੇ ਪਹੁੰਚੀ ਪੁਲਸ ਨੇ ਲਾਸ਼ ਨੂੰ ਕਬਜ਼ੇ 'ਚ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਿਸ ਮੁਤਾਬਕ ਪਹਿਲੀ ਨਜ਼ਰੇ ਇਹ ਮਾਮਲਾ ਖੁਦਕੁਸ਼ੀ ਦਾ ਹੈ। ਮ੍ਰਿਤਕ 23 ਸਾਲਾ ਆਰੂਸ਼ੀ ਸਚਾਨ ਮੂਲ ਰੂਪ ਤੋਂ ਕਾਨਪੁਰ ਦੇਹਤ ਜ਼ਿਲ੍ਹੇ ਦੇ ਬਰੌਰ ਦੀ ਰਹਿਣ ਵਾਲੀ ਸੀ ਅਤੇ ਸ਼ਹਿਰ ਦੇ ਗੁਜੈਨੀ ਇਲਾਕੇ ਵਿੱਚ ਕਿਰਾਏ ਦੇ ਕਮਰੇ ਵਿੱਚ ਰਹਿੰਦੀ ਸੀ।

ਪੁਲੀਸ ਅਨੁਸਾਰ ਉਹ ਰਾਵਤਪੁਰ ਦੇ ਮੋਤੀ ਮਹਿਲ ਵਿੱਚ ਪ੍ਰਾਈਵੇਟ ਕੰਮ ਵੀ ਕਰਦੀ ਸੀ। ਘਟਨਾ ਦਾ ਪਤਾ ਮੰਗਲਵਾਰ ਨੂੰ ਕਦੋਂ ਲੱਗਾ ਤਾਂ ਮਕਾਨ ਮਾਲਕ ਨੇ ਦੱਸਿਆ ਕਿ ਉਸ ਦੇ ਕਮਰੇ 'ਚੋਂ ਬਦਬੂ ਆ ਰਹੀ ਹੈ। ਉਸ ਨੂੰ ਸ਼ੱਕ ਹੈ ਕਿ ਉਸ ਦੇ ਕਮਰੇ ਵਿਚ ਰਹਿੰਦੀ ਲੜਕੀ ਦੀ ਮੌਤ ਹੋ ਗਈ ਹੈ। ਇਸ ਸੂਚਨਾ 'ਤੇ ਜਦੋਂ ਗੁਜੈਨ ਦੀ ਪੁਲਸ ਮੌਕੇ 'ਤੇ ਪਹੁੰਚੀ ਤਾਂ ਕਮਰਾ ਅੰਦਰੋਂ ਬੰਦ ਸੀ। ਕਿਸੇ ਤਰ੍ਹਾਂ ਕਮਰੇ ਦਾ ਦਰਵਾਜ਼ਾ ਖੋਲ੍ਹ ਕੇ ਦੇਖਿਆ ਤਾਂ ਉਹ ਲਟਕਦੀ ਮਿਲੀ। ਪੁਲਿਸ ਨੇ ਘਟਨਾ ਵਾਲੀ ਥਾਂ ਦੀ ਜਾਂਚ ਲਈ ਫੋਰੈਂਸਿਕ ਟੀਮ ਨੂੰ ਵੀ ਬੁਲਾਇਆ ਹੈ। ਸੂਚਨਾ ਮਿਲਦੇ ਹੀ ਉਸਦੇ ਪਰਿਵਾਰਕ ਮੈਂਬਰ ਵੀ ਮੌਕੇ 'ਤੇ ਪਹੁੰਚ ਗਏ। ਇਸ ਦੌਰਾਨ ਪੁਲਿਸ ਨੇ ਸਿਰਫ਼ ਇਹ ਦਾਅਵਾ ਕੀਤਾ ਕਿ ਜਾਂਚ ਦੌਰਾਨ ਅਜਿਹਾ ਲੱਗਦਾ ਹੈ ਕਿ ਮਾਮਲਾ ਖੁਦਕੁਸ਼ੀ ਦਾ ਹੈ। ਪਰ ਉਸ ਨੇ ਅਜਿਹਾ ਕਿਉਂ ਕੀਤਾ, ਲਾਸ਼ ਨੂੰ ਪੋਸਟਮਾਰਟਮ ਲਈ ਭੇਜਣ ਦੇ ਨਾਲ-ਨਾਲ ਇਸ ਸਬੰਧੀ ਵੀ ਜਾਂਚ ਕੀਤੀ ਜਾ ਰਹੀ ਹੈ।

# ਖਰਚਾ ਨਿਗਰਾਨ ਹਰਸ਼ਦ ਵੇਂਗੁਲੇਰਕਰ ਵੱਲੋਂ ਐੱਮ.ਸੀ.ਐੱਮ.ਸੀ. ਸੈੱਲ ਗੁਰਦਾਸਪੁਰ ਦਾ ਦੌਰਾ

## ਇਲੈਕਟ੍ਰੋਨਿਕ ਮੀਡੀਆ, ਸੋਸ਼ਲ ਮੀਡੀਆ, ਬਲਕ ਐੱਸ.ਐੱਮ.ਐੱਸ, ਈ-ਪੇਪਰ ਵਿੱਚ ਕੋਈ ਵੀ ਸਿਆਸੀ ਇਸ਼ਤਿਹਾਰ ਐੱਮ.ਸੀ.ਐੱਮ.ਸੀ. ਦੀ ਪੂਰਵ ਪ੍ਰਵਾਨਗੀ ਤੋਂ ਬਿਨਾਂ ਨਾ ਲਗਾਇਆ ਜਾਵੇ - ਹਰਸ਼ਦ ਵੇਂਗੁਲੇਰਕਰ




ਗੁਰਦਾਸਪੁਰ-ਨਵਨੀਤ ਕੁਮਾਰ - ਭਾਰਤ ਚੋਣ ਕਮਿਸ਼ਨ ਵੱਲੋਂ ਲੋਕ ਸਭਾ ਹਲਕਾ 01-ਗੁਰਦਾਸਪੁਰ ਲਈ ਤਾਇਨਾਤ ਕੀਤੇ ਖਰਚਾ ਨਿਗਰਾਨ ਸ੍ਰੀ ਹਰਸ਼ਦ ਵੇਂਗੁਲੇਰਕਰ ਵੱਲੋਂ ਅੱਜ ਮੀਡੀਆ ਸਰਟੀਫ਼ਿਕੇਸ਼ਨ ਤੇ ਮੋਨੀਟਰਿੰਗ ਕਮੇਟੀ (ਐੱਮ.ਸੀ.ਐੱਮ.ਸੀ) ਸੈੱਲ ਗੁਰਦਾਸਪੁਰ ਦਾ ਦੌਰਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਐੱਮ.ਸੀ.ਐੱਮ.ਸੀ. ਸੈੱਲ ਵੱਲੋਂ ਪ੍ਰਿੰਟ, ਇਲੈਕਟ੍ਰੋਨਿਕ, ਸੋਸ਼ਲ ਮੀਡੀਆ ਵਿੱਚ ਸਿਆਸੀ ਇਸ਼ਤਿਹਾਰਬਾਜ਼ੀ, ਪ੍ਰੀ-ਸਰਟੀਫਿਕੇਸ਼ਨ ਦੀ ਜਾਣਕਾਰੀ ਲੈਣ ਤੋਂ ਇਲਾਵਾ ਪੇਡ ਨਿਊਜ਼ ਨੂੰ ਰੋਕਣ ਲਈ ਕੀਤੇ ਜਾ ਰਹੇ ਉਪਰਾਲਿਆਂ ਬਾਰੇ ਵੀ ਜਾਣਕਾਰੀ ਹਾਸਲ ਕੀਤੀ। ਇਸ ਮੌਕੇ ਉਨ੍ਹਾਂ ਨੇ ਮੀਡੀਆ ਸਰਟੀਫਿਕੇਸ਼ਨ ਤੇ ਮੋਨੀਟਰਿੰਗ ਕਮੇਟੀ (ਐੱਮ.ਸੀ.ਐੱਮ.ਸੀ) ਸੈੱਲ, ਗੁਰਦਾਸਪੁਰ ਦੀ ਕਾਰਗੁਜ਼ਾਰੀ ਉੱਪਰ ਆਪਣੀ ਤਸੱਲੀ ਜ਼ਾਹਰ ਕੀਤੀ। ਖਰਚਾ ਨਿਗਰਾਨ ਸ੍ਰੀ ਹਰਸ਼ਦ ਵੇਂਗੁਲੇਰਕਰ ਨੇ ਕਿਹਾ ਕਿ ਮਾਣਯੋਗ ਚੋਣ ਕਮਿਸ਼ਨ ਦੀਆਂ ਹਦਾਇਤਾਂ ਤਹਿਤ ਲੋਕ ਸਭਾ ਚੋਣਾਂ-2024 ਦੇ ਮੱਦੇਨਜ਼ਰ ਜ਼ਿਲ੍ਹਾ ਪੱਧਰ 'ਤੇ ਬਣੀ ਮੀਡੀਆ ਸਰਟੀਫ਼ਿਕੇਸ਼ਨ ਅਤੇ ਮੋਨੀਟਰਿੰਗ ਕਮੇਟੀ ਵੱਲੋਂ ਪ੍ਰਿੰਟ, ਇਲੈੱਕਟ੍ਰਾਨਿਕ ਅਤੇ ਸੋਸ਼ਲ ਮੀਡੀਆ 'ਤੇ 24 ਘੰਟੇ ਤਿੱਖੀ ਨਜ਼ਰ ਰੱਖੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਐੱਮ.ਸੀ.ਐੱਮ.ਸੀ. ਸੈੱਲ ਵੱਲੋਂ ਚੋਣਾਂ ਨਾਲ ਸਬੰਧਿਤ ਸਾਰੀਆਂ ਖ਼ਬਰਾਂ ਨੂੰ ਬਰੀਕੀ ਨਾਲ ਵਾਚਿਆ ਜਾ ਰਿਹਾ ਹੈ ਤਾਂ ਜੋ ਪੇਡ ਨਿਊਜ਼ ਨੂੰ ਰੋਕਿਆ ਜਾ ਸਕੇ। ਖਰਚਾ ਨਿਗਰਾਨ ਨੇ ਕਿਹਾ ਕਿ ਰਾਜਨੀਤਿਕ ਪਾਰਟੀਆਂ ਅਤੇ ਉਮੀਦਵਾਰਾਂ ਵੱਲੋਂ ਆਪਣੇ ਚੋਣ ਪ੍ਰਚਾਰ ਦੌਰਾਨ ਬਲਕ ਐੱਸ.ਐੱਮ.ਐੱਸ ਤੇ ਵਾਈਸ ਮੈਸੇਜ, ਇਲੈਕਟ੍ਰੋਨਿਕ ਮੀਡੀਆ ਟੀ.ਵੀ. ਤੇ ਕੇਬਲ ਚੈਨਲ, ਜਨਤਕ ਥਾਵਾਂ 'ਤੇ ਆਡੀਓ-ਵੀਜ਼ੂਅਲ ਰਾਜਨੀਤਿਕ ਮੁਹਿੰਮ, ਇੰਟਰਨੈੱਟ ਅਤੇ ਸੋਸ਼ਲ ਮੀਡੀਆ, ਰੇਡੀਓ, ਈ-ਪੇਪਰ, ਸਿਨੇਮਾ ਹਾਲ ਵਿੱਚ ਕੋਈ ਵੀ ਸਿਆਸੀ ਇਸ਼ਤਿਹਾਰਬਾਜ਼ੀ ਮੀਡੀਆ ਸਰਟੀਫਿਕੇਸ਼ਨ ਅਤੇ ਮੋਨੀਟਰਿੰਗ ਕਮੇਟੀ ਦੀ ਪੂਰਵ ਪ੍ਰਵਾਨਗੀ ਤੋਂ ਬਿਨਾਂ ਜਾਰੀ ਨਹੀਂ ਕੀਤੀ ਜਾ ਸਕਦੀ। ਇਸੇ ਤਰਾਂ ਪ੍ਰਿੰਟ ਮੀਡੀਆ ਵਿੱਚ ਵੋਟਾਂ ਵਾਲੇ ਦਿਨ ਅਤੇ ਵੋਟਾਂ ਵਾਲੇ ਦਿਨ ਤੋਂ ਇੱਕ ਦਿਨ ਪਹਿਲਾਂ ਕੋਈ ਵੀ ਸਿਆਸੀ ਇਸ਼ਤਿਹਾਰ ਮੀਡੀਆ ਸਰਟੀਫਿਕੇਸ਼ਨ ਅਤੇ ਮੋਨੀਟਰਿੰਗ ਕਮੇਟੀ ਦੀ ਪ੍ਰਵਾਨਗੀ ਤੋਂ ਬਿਨਾਂ ਨਹੀਂ ਛਪ ਸਕਦਾ ਹੈ। ਉਨ੍ਹਾਂ ਚੋਣਾਂ ਲੜ ਰਹੇ ਉਮੀਦਵਾਰਾਂ ਨੂੰ ਅਪੀਲ ਕਰਦਿਆਂ ਕਿਹਾ ਹੈ ਕਿ ਉਹ ਚੋਣ ਕਮਿਸ਼ਨ ਦੀਆਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨ ਅਤੇ ਇਲੈਕਟ੍ਰੋਨਿਕ ਮੀਡੀਆ, ਸੋਸ਼ਲ ਮੀਡੀਆ, ਬਲਕ ਐੱਸ.ਐੱਮ.ਐੱਸ, ਈ-ਪੇਪਰ ਵਿੱਚ ਕੋਈ ਵੀ ਸਿਆਸੀ ਇਸ਼ਤਿਹਾਰ ਐੱਮ.ਸੀ.ਐੱਮ.ਸੀ. ਦੀ ਪੂਰਵ ਪ੍ਰਵਾਨਗੀ ਤੋਂ ਬਿਨਾਂ ਨਾ ਲਗਾਇਆ ਜਾਵੇ। ਇਸ ਮੌਕੇ ਮੀਡੀਆ ਸਰਟੀਫਿਕੇਸ਼ਨ ਤੇ ਮੋਨੀਟਰਿੰਗ ਕਮੇਟੀ (ਐੱਮ.ਸੀ.ਐੱਮ.ਸੀ) ਸੈੱਲ ਦੇ ਮੈਂਬਰ ਸਕੱਤਰ ਡੀ.ਪੀ.ਆਰ.ਓ. ਇੰਦਰਜੀਤ ਸਿੰਘ ਤੋਂ ਇਲਾਵਾ ਐੱਮ.ਸੀ.ਐੱਮ.ਸੀ. ਟੀਮ ਦੇ ਮੈਂਬਰ ਵੀ ਹਾਜ਼ਰ ਸਨ।

# ਚੋਣ ਖਰਚਾ ਨਿਗਰਾਨ ਹਰਸ਼ਦ ਵੇਂਗੁਲੇਰਕਰ ਦੀ ਹਾਜ਼ਰੀ ਵਿੱਚ ਚੋਣ ਲੜ ਰਹੇ ਉਮੀਦਵਾਰਾਂ ਦੇ ਚੋਣ ਖ਼ਰਚ ਰਜਿਸਟਰਾਂ ਦਾ ਮਿਲਾਣ ਕੀਤਾ ਗਿਆ

## 25 ਅਤੇ 30 ਮਈ ਨੂੰ ਪੰਚਾਇਤ ਭਵਨ ਵਿਖੇ ਦੁਬਾਰਾ ਚੋਣ ਖ਼ਰਚਾ ਰਜਿਸਟਰਾਂ ਦਾ ਕੀਤਾ ਜਾਵੇਗਾ ਮਿਲਾਣ, ਉਮੀਦਵਾਰਾਂ ਨੂੰ ਆਪਣੇ ਚੋਣ ਖ਼ਰਚੇ ਰੋਜ਼ਾਨਾ ਚੋਣ ਖ਼ਰਚਾ ਰਜਿਸਟਰ ਵਿੱਚ ਦਰਜ ਕਰਨ ਦੀਆਂ ਹਦਾਇਤਾਂ

**ਗੁਰਦਾਸਪੁਰ-ਨਵਨੀਤ ਕੁਮਾਰ** - ਲੋਕ ਸਭਾ ਹਲਕਾ 01-ਗੁਰਦਾਸਪੁਰ ਲਈ ਨਿਯੁਕਤ ਕੀਤੇ ਚੋਣ ਖ਼ਰਚਾ ਅਬਜ਼ਰਵਰ ਸ੍ਰੀ ਹਰਸ਼ਦ ਵੇਂਗੁਲੇਰਕਰ ਦੀ ਹਾਜ਼ਰੀ ਵਿੱਚ ਅੱਜ ਸਥਾਨਕ ਪੰਚਾਇਤ ਭਵਨ ਵਿਖੇ ਚੋਣ ਲੜ ਰਹੇ ਉਮੀਦਵਾਰਾਂ ਦੇ ਚੋਣ ਖ਼ਰਚਾ ਰਜਿਸਟਰਾਂ ਦਾ ਸ਼ੈਡੋ ਰਜਿਸਟਰਾਂ ਨਾਲ ਮਿਲਾਣ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਗੁਰਦਾਸਪੁਰ ਦੇ ਸਮੂਹ ਸਹਾਇਕ ਖ਼ਰਚਾ ਅਬਜ਼ਰਵਰਾਂ ਵੱਲੋਂ ਚੋਣ ਲੜ ਰਹੇ ਹਰੇਕ ਉਮੀਦਵਾਰ ਦੇ ਚੋਣ ਖ਼ਰਚਾ ਰਜਿਸਟਰ ਦੀ ਬਰੀਕੀ ਨਾਲ ਜਾਂਚ ਕੀਤੀ ਗਈ ਅਤੇ ਚੋਣਾਂ ਉੱਪਰ ਕੀਤੇ ਗਏ ਖ਼ਰਚੇ ਦੀਆਂ ਐਂਟਰੀਆਂ ਨੂੰ ਚੈੱਕ ਕੀਤਾ ਗਿਆ। ਇਸ ਮੌਕੇ ਚੋਣ ਖ਼ਰਚਾ ਅਬਜ਼ਰਵਰ ਸ੍ਰੀ ਹਰਸ਼ਦ ਵੇਂਗੁਲੇਰਕਰ ਨੇ ਕਿਹਾ ਕਿ ਮਾਣਯੋਗ ਚੋਣ ਕਮਿਸ਼ਨ ਵੱਲੋਂ ਲੋਕ ਸਭਾ ਚੋਣਾਂ ਵਿੱਚ ਹਿੱਸਾ ਲੈਣ ਵਾਲੇ ਉਮੀਦਵਾਰ ਲਈ 95 ਲੱਖ ਰੁਪਏ ਤੱਕ ਚੋਣ ਖ਼ਰਚੇ ਦੀ ਹੱਦ ਮਿਥੀ ਗਈ ਹੈ ਅਤੇ ਇਸ ਤੋਂ ਵੱਧ ਚੋਣ ਖ਼ਰਚਾ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਉਮੀਦਵਾਰਾਂ ਵੱਲੋਂ ਰੋਜ਼ਾਨਾ ਆਪਣੇ ਚੋਣ ਖ਼ਰਚ ਨੂੰ ਰਜਿਸਟਰ ਵਿੱਚ ਦਰਜ ਕਰਨਾ ਲਾਜ਼ਮੀ ਹੈ। ਇਸ ਤੋਂ ਇਲਾਵਾ ਚੋਣ ਦਫ਼ਤਰ ਵੱਲੋਂ ਵੀ ਸ਼ੈਡੋ ਰਜਿਸਟਰ ਲਗਾ ਕੇ ਹਰੇਕ ਉਮੀਦਵਾਰ ਦੇ ਚੋਣ ਖ਼ਰਚੇ ਦਾ ਹਿਸਾਬ ਰੱਖਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਅੱਜ ਪੰਚਾਇਤ ਭਵਨ ਗੁਰਦਾਸਪੁਰ ਵਿਖੇ ਉਮੀਦਵਾਰਾਂ ਦੇ ਚੋਣ ਖ਼ਰਚਾ ਰਜਿਸਟਰਾਂ ਦਾ ਸ਼ੈਡੋ ਰਜਿਸਟਰਾਂ ਨਾਲ ਪਹਿਲਾ ਮਿਲਾਣ ਕੀਤਾ ਗਿਆ ਹੈ ਅਤੇ ਇਸ ਤੋਂ ਬਾਅਦ ਮਿਤੀ 25 ਅਤੇ 30 ਮਈ ਨੂੰ ਵੀ ਪੰਚਾਇਤ ਭਵਨ ਵਿਖੇ ਦੁਬਾਰਾ ਖ਼ਰਚਾ ਰਜਿਸਟਰਾਂ ਦਾ ਮਿਲਾਣ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਚੋਣ ਨਤੀਜਾ ਆਉਣ ਦੇ 30 ਦਿਨਾਂ ਦੇ ਅੰਦਰ ਹਰ ਉਮੀਦਵਾਰ ਵੱਲੋਂ ਆਪਣਾ ਚੋਣ ਖ਼ਰਚਾ ਰਜਿਸਟਰ ਚੋਣ ਦਫ਼ਤਰ ਵਿੱਚ ਜਮਾਂ ਕਰਵਾਉਣਾ ਲਾਜ਼ਮੀ ਹੈ ਅਤੇ ਅਜਿਹਾ ਨਾ ਕਰਨ ਵਾਲੇ ਉਮੀਦਵਾਰ ਉੱਪਰ ਚੋਣ ਕਮਿਸ਼ਨ ਤਿੰਨ ਸਾਲ ਲਈ ਚੋਣ ਲੜਨ 'ਤੇ ਰੋਕ ਲਗਾ ਸਕਦਾ ਹੈ। ਚੋਣ ਖ਼ਰਚਾ ਅਬਜ਼ਰਵਰ ਸ੍ਰੀ ਹਰਸ਼ਦ ਵੇਂਗੁਲੇਰਕਰ ਨੇ ਕਿਹਾ ਕਿ ਉਮੀਦਵਾਰ ਚੋਣਾਂ ਨਾਲ ਸਬੰਧਿਤ ਪੈਸੇ ਦਾ ਕੋਈ ਵੀ ਲੈਣ-ਦੇਣ ਚੋਣਾਂ ਸਬੰਧੀ ਖੋਲ੍ਹੇ ਗਏ ਬੈਂਕ ਖਾਤੇ ਵਿਚੋਂ ਹੀ ਕਰਨ। ਉਨ੍ਹਾਂ ਕਿਹਾ ਕਿ 10 ਹਜ਼ਾਰ ਰੁਪਏ ਤੋਂ ਵੱਧ ਦੀ ਕੋਈ ਅਦਾਇਗੀ ਚੈੱਕ ਜਾਂ ਡਰਾਫ਼ਟ ਰਾਹੀਂ ਹੀ ਕੀਤੀ ਜਾਵੇ।




# ਰਾਸ਼ਟਰੀ ਝੰਡੇ ਦੇ ਅਪਮਾਨ ਤੇ ਵਿਰੋਧ 'ਚ ਰੱਖੀ ਭੁੱਖ ਹੜਤਾਲ ਤੇ ਬੈਠੇ ਸ਼ਹੀਦ ਭਗਤ ਸਿੰਘ ਪ੍ਰੈਸ਼ ਐਸ਼ੋਸੀਏਸ਼ਨ ਦੇ ਕਾਰਕੁੰਨਾਂ ਤੇ ਪੁਲਿਸ ਦਾ ਅਣਮਨੁੱਖੀ ਤਸ਼ੱਦਦ

ਗੁਰਦਾਸਪੁਰ-ਨਵਨੀਤ ਕੁਮਾਰ - ਪਿਛਲੇ ਦਿਨੀ ਆਮ ਆਦਮੀ ਪਾਰਟੀ ਦੇ ਬਟਾਲਾ ਤੋਂ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਦੇ ਘਰ ਦੇ ਬਾਹਰ ਪਾਰਕ ਵਿੱਚ ਲੱਗੇ ਰਾਸ਼ਟਰੀ ਝੰਡੇ ਨੂੰ ਕੁਝ ਵਿਅਕਤੀਆਂ ਵੱਲੋ ਥੱਲੇ ਉਤਾਰ ਕੇ ਉਸਨੂੰ ਪੈਰਾਂ ਹੇਠ ਰੋਲ ਕੇ ਉਸਦਾ ਅਪਮਾਨ ਕੀਤਾ ਗਿਆ ਸੀ , ਜਿਸਦੀ ਵੀਡੀਉ ਸ਼ਹੀਦ ਭਗਤ ਸਿੰਘ ਪ੍ਰੈਸ਼ ਐਸ਼ੋਸੀਏਸ਼ਨ ਦੇ ਪੰਜਾਬ ਪ੍ਰਧਾਨ ਰਮੇਸ਼ ਬਹਿਲ ਵੱਲੋ ਆਪਣੇ ਸ਼ੋਸਲ ਮੀਡੀਆ ਪੇਜ਼ ਤੇ ਪੋਸਟ ਕਰਕੇ ਇਸ ਘਟਨਾ ਦਾ ਸਖਤ ਵਿਰੋਧ ਕੀਤਾ ਗਿਆ ਸੀ ਤੇ ਜਥੇਬੰਦੀ ਵੱਲੋ ਇਸ ਸਬੰਧ ਵਿੱਚ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਲਿਖਤ ਦਰਖਾਸਤ ਦੇ ਕੇ ਦੋਸ਼ੀਆਂ ਖਿਲਾਫ ਕਾਰਵਾਈ ਦੀ ਮੰਗ ਕੀਤੀ ਸੀ । ਜਥੇਬੰਦੀ ਵੱਲੋ ਦਿੱਤੀਆ ਦਰਖਾਸਤਾ ਤੇ ਕੋਈ ਕਾਰਵਾਈ ਨਾ ਹੋਣ ਕਾਰਨ ਜਥੇਬੰਦੀ ਵੱਲੋ ਪ੍ਰਸ਼ਾਸਨ ਦੇ ਵਿਰੁੱਧ ਭੁੱਖ ਹੜਤਾਲ ਕਰਨ ਦਾ ਐਲਾਨ ਕੀਤਾ ਗਿਆ ਸੀ । ਅੱਜ ਜਦੋ ਜਥੇਬੰਦੀ ਦੇ ਪੰਜਾਬ ਪ੍ਰਧਾਨ ਰਮੇਸ਼ ਬਹਿਲ ਵੱਲੋ ਘਟਨਾ ਵਾਲੇ ਅਸਥਾਨ ਤੇ ਭੁੱਖ ਹੜਤਾਲ ਰੱਖੀ ਗਈ ਤਾਂ ਪੁਲਿਸ ਵੱਲੋ ਉਕਤ ਜਗ੍ਹਾਂ ਤੇ ਟੈਂਟ ਲਗਾਉਣ ਦੀ ਇਜਾਜਤ ਨਾ ਹੋਣ ਦਾ ਹਵਾਲਾ ਦੇ ਕੇ ਲੱਗੇ ਟੈਂਟ ਉਤਾਰ ਦਿੱਤੇ ਗਏ ਤੇ ਰਮੇਸ਼ ਬਹਿਲ ਤੇ ਉਸਦੇ ਸਾਥੀਆਂ ਨੂੰ ਸਖ਼ਤ ਗਰਮੀ ਵਿੱਚ ਬੈਠਣ ਲਈ ਮਜ਼ਬੂਰ ਕੀਤਾ ਗਿਆ । ਇਸ ਮਾਮਲੇ ਵਿੱਚ ਪੱਤਰਕਾਰਾ ਨਾਲ ਗੱਲ ਕਰਦਿਆ ਸ਼ਹੀਦ ਭਗਤ ਸਿੰਘ ਪ੍ਰੈਸ਼ ਐਸ਼ੋਸੀਏਸ਼ਨ ਦੇ ਪੰਜਾਬ ਪ੍ਰਧਾਨ ਰਮੇਸ਼ ਬਹਿਲ ਨੇ ਕਿਹਾ ਉਹ ਦੇਸ਼ ਦੀ ਆਣ ਬਾਨ ਤੇ ਸ਼ਾਨ ਰਾਸ਼ਟਰੀ ਝੰਡੇ ਦੇ ਹੋਏ ਅਪਮਾਨ ਦੇ ਸਬੰਧ ਵਿੱਚ ਭੁੱਖ ਹੜਤਾਲ ਤੇ ਬੈਠੇ ਰਮੇਸ਼ ਬਹਿਲ ਨੇ ਕਿਹਾ ਕਿ ਸਿਆਸੀ ਮਿਲੀਭੁਗਤ ਕਰਕੇ ਦੇਸ਼ ਵਿਰੋਧੀ ਤਾਂਕਤਾ ਦੇ ਇਸ਼ਾਰੇ ਤੇ ਪਹਿਲਾ ਰਾਸ਼ਟਰੀ ਝੰਡੇ ਦਾ ਅਪਮਾਨ ਕੀਤਾ ਗਿਆ ਹੈ ਤੇ ਅੱਜ ਤੱਕ ਨਾ ਹੀ ਇਸ ਝੰਡੇ ਨੂੰ ਬਦਲਿਆ ਗਿਆ ਤੇ ਨਾ ਹੀ ਅਪਮਾਨ ਕਰਨ ਵਾਲੇ ਦੋਸ਼ੀਆਂ ਵਿਰੁੱਧ ਕੋਈ ਕਾਰਵਾਈ ਕੀਤੀ ਗਈ , ਜਦ ਉਹ ਰਾਸ਼ਟਰੀ ਝੰਡੇ ਦੇ ਮਾਨ ਸਨਮਾਨ ਲਈ ਭੁੱਖ ਹੜਤਾਲ ਤੇ ਬੈਠੇ ਹਨ ਤਾਂ ਪੁਲਿਸ ਵੱਲੋ ਉਨ੍ਹਾਂ ਤੇ ਅਣਮਨੁੱਖੀ ਤਸ਼ੱਦਦ ਕੀਤਾ ਜਾ ਰਿਹਾ ਹੈ ਤੇ ਤੇਜ ਧੁੱਪ ਵਿੱਚ ਉਨ੍ਹਾਂ ਨੂੰ ਬਿਨ੍ਹਾਂ ਟੈਂਟ ਤੋਂ ਬੈਠਣ ਲਈ ਮਜ਼ਬੂਰ ਕੀਤਾ ਜਾ ਰਿਹਾ ਹੈ । ਉਨ੍ਹਾਂ ਕਿਹਾ ਕਿ ਅੱਜ ਡੀਐਸਪੀ ਸਿਟੀ ਬਟਾਲਾ ਵੱਲੋ ਉਸਨੂੰ ਪਹਿਲਾ ਫੋਨ ਕਰਕੇ ਧਮਕਾਇਆ ਗਿਆ ਤੇ ਕਿਹਾ ਗਿਆ ਜੇ ਉਸ ਵੱਲੋ ਇਹ ਭੁੱਖ ਹੜਤਾਲ ਖਤਮ ਕਰਕੇ ਘਟਨਾ ਵਾਲੀ ਜਗ੍ਹਾਂ ਤੋਂ ਉਠਿਆ ਨਹੀ ਗਿਆ ਤਾਂ ਉਸ ਉਪਰ ਪਰਚਾ ਦਰਜ਼ ਕਰ ਦਿੱਤਾ ਜਾਵੇਗਾ , ਤੇ ਫਿਰ ਦੁਬਾਰਾ ਐਸਐਚਓ ਸਿਵਲ ਲਾਈਨ ਵੱਲੋ ਭਾਰੀ ਪੁਲਿਸ ਲੈ ਕੇ ਉਨ੍ਹਾਂ ਦੇ ਉਪਰ ਲੱਗੇ ਟੈਂਟ ਉਤਾਰ ਦਿੱਤੇ ਗਏ ਤੇ ਉਨ੍ਹਾਂ ਨੂੰ ਤੇਜ ਧੁੱਪ ਵਿੱਚ ਬੈਠਣ ਲਈ ਮਜ਼ਬੂਰ ਕਰ ਦਿੱਤਾ ਗਿਆ ਤੇ ਬਹਾਨਾ ਇਹ ਲਗਾਇਆ ਗਿਆ ਕੇ ਉਨ੍ਹਾਂ ਕੋਲ ਭੁੱਖ ਹੜਤਾਲ ਕਰਨ ਦੀ ਇਜ਼ਾਜਤ ਨਹੀ ਹੈ , ਉਨ੍ਹਾਂ ਕਿਹਾ ਕਿ ਜਥੇਬੰਦੀ ਵੱਲੋ ਲਗਾਤਾਰ ਐਸਡੀਐਮ ਬਟਾਲਾ ਕੋਲੋ ਭੁੱਖ ਹੜਤਾਲ ਬਾਰੇ ਦਰਖਾਸਤਾ ਦਿੱਤੀਆ ਗਈਆ ਹਨ ਪਰ ਉਨ੍ਹਾਂ ਵੱਲੋ ਚੋਣ ਜਾਬਤੇ ਦਾ ਹਵਾਲਾ ਦੇ ਕੇ ਇਜ਼ਾਜਤ ਨਹੀ ਦਿੱਤੀ ਗਈ । ਰਮੇਸ਼ ਬਹਿਲ ਨੇ ਕਿਹਾ ਕਿ ਬਿਨ੍ਹਾਂ ਇਜਾਜਤ ਰਾਸ਼ਟਰੀ ਝੰਡੇ ਨੂੰ ਥੱਲੇ ਉਤਾਰ ਕੇ ਅਪਮਾਨ ਕੀਤਾ ਗਿਆ ਪਰ ਪੁਲਿਸ ਵੱਲੋ ਕੋਈ ਕਾਰਵਾਈ ਨਹੀ ਕੀਤੀ ਗਈ ਪਰ ਰਾਸ਼ਟਰੀ ਝੰਡੇ ਦੇ ਸਨਮਾਨ ਲਈ ਰੱਖੀ ਸ਼ਾਤਮਈ ਭੁੱਖ ਹੜਤਾਲ ਤੇ ਪੁਲਿਸ ਨੂੰ ਕੈਦੇ ਕਾਨੂੰਨ ਤਰੁੰਤ ਯਾਦ ਆ ਗਏ ਹਨ ਤੇ ਰਾਸ਼ਟਰਵਾਦੀਆਂ ਗੈਰ ਮਨੁੱਖੀ ਤਸ਼ੱਦਦ ਕੀਤੇ ਜਾ ਰਿਹੇ ਹਨ ।




St. Soldier
GROUP OF INSTITUTIONS
SINCE 1958
EDUCATIONAL 64 YEARS EXCELLENCE
MORE THAN
• 56 Colleges & Schools • 200 Merit Positions
• 125 Companies For Placements
• 75 Academic Courses
• 2000 Placements In 2022 - 2023
• 42000 Students From All Over India
CANADIAN PATHWAY PROGRAMS
FREE BUS SERVICE FOR ALL COLLEGE STUDENTS FOR ALL ROUTES
ENGINEERING (B.Tech - M.Tech*)
• Mechanical Engg.* • Electrical Engg. • Civil Engg. • Computer Science Engg.* • Tool Engg. • B.Voc Hardware and Networking • Electronics & Comm. Engg. • Automobile Engg.
HOTEL MANAGEMENT
• B.Sc (H&HA) Hospitality and Hotel Administration • BHMCT Hotel Management & Catering Technology • BTTM Tourism and Travel Management • MHMCT Masters in Hotel Management and Catering Technology • One Year Courses (Food Production, Bakery, F&B Services, Front Office)
MANAGEMENT & COMMERCE
• MBA • BBA • B.Sc. (Cyber Security) • M.Com.(Prof.) • BCom. (Reg/Prof.)
DEGREE COURSES
• BA • B.Com. • BBA • D.C.A. • PGDCA • BCA / B.Sc. (IT)
PARAMEDICAL COURSES
• M.Pharmacy • B.Pharmacy • B. Sc. MLS • D.Pharmacy • Diploma in MLT • M.Sc MLS • Bachelor of Physiotherapy • MSC (Medical Microbiology, Biochemistry) • BSC Medical Technology - Anesthesia & Operation Theater* • BSC Operation Theater Technology* • BSC Radiology and Imaging Technology*
POLYTECHNIC DIPLOMA
IN JALANDHAR & CHABBEWAL HOSHIARPUR
• Tool & Die Making • Electronics & Comm. Engg. • Civil Engg. • Mechanical, Electrical, Computer Engg. • Automobile Engg. • Mechatronics Diploma in Polytechnic • Diploma in Architectural Assistance Ship
MEDIA & FASHION
• B.Sc. Fashion Technology • B.Sc. Mass Comm. & Journalism • B.Sc. Multimedia
INFORMATION TECHNOLOGY
• MCA • BCA • BSc.IT • PGDCA • DCA
LAW
• BA.LLB. • B.COM. LLB • BBA.LLB. • LLB
• PG DIPLOMA IN CYBER LAW
TEACHER / PHYSICAL EDUCATION
• BPES • B.Ed. • D.El.Ed. • B.P.Ed. • D.P.Ed
NURSING TRAINING
• General Nursing & Midwifery (GNM)
ARCHITECTURE
• B. Architecture
INDUSTRIAL TRAINING INSTITUTE
• Electrician • COPA • Welder • Carpenter • Plumber • Vehicle Motor Mechanic • Architecture Draftsman • Diesel Mechanic • Refrigeration & AC
PMKVY
/stsoldiergroup
www.stsoldiergroup.com
LATERAL ENTRY ADMISSION INTO SECOND YEAR AVAILABLE
Now ANIMATION & SOCIAL MEDIA Courses Available
CORP. OFFICE : 680-L MODEL TOWN, JALANDHAR.
M: 9814003681 | 9814003652 | 9814345025 | 9914464565

# ਹੈਲੀਕਾਪਟਰ ਹਾਦਸੇ 'ਚ ਈਰਾਨ ਦੇ ਰਾਸ਼ਟਰਪਤੀ ਤੇ ਵਿਦੇਸ਼ ਮੰਤਰੀ ਸਮੇਤ ਸਾਰੇ 9 ਵਿਅਕਤੀਆਂ ਦੀ ਮੌਤ

ਦੁਬਈ - ਈਰਾਨ ਦੇ ਉੱਤਰ-ਪੱਛਮ 'ਚ ਸਥਿਤ ਪਹਾੜੀ ਖੇਤਰ ਵਿਚ ਖਰਾਬ ਮੌਸਮ ਦੌਰਾਨ ਹੋਏ ਹੈਲੀਕਾਪਟਰ ਹਾਦਸੇ ਵਿਚ ਰਾਸ਼ਟਰਪਤੀ ਇਬਰਾਹਿਮ ਰਈਸੀ, ਵਿਦੇਸ਼ ਮੰਤਰੀ ਤੇ ਹੋਰ ਲੋਕ ਹਾਦਸੇ ਵਾਲੀ ਥਾਂ 'ਤੇ ਮ੍ਰਿਤਕ ਹਾਲਤ 'ਚ ਮਿਲੇ। ਸਰਕਾਰੀ ਟੀ. ਵੀ. ਨੇ ਪੂਰਬੀ ਅਜ਼ਰਬੈਜਾਨ ਸੂਬੇ 'ਚ ਹੋਏ ਇਸ ਹਾਦਸੇ ਦਾ ਕੋਈ ਕਾਰਨ ਅਜੇ ਨਹੀਂ ਦੱਸਿਆ। ਹਾਦਸੇ ਵੇਲੇ ਰਈਸੀ ਈਰਾਨ ਦੇ ਪੂਰਬੀ ਅਜ਼ਰਬੈਜਾਨ ਸੂਬੇ 'ਚ ਯਾਤਰਾ ਕਰ ਰਹੇ ਸਨ। ਉਨ੍ਹਾਂ ਦੇ ਨਾਲ ਜਿਨ੍ਹਾਂ ਲੋਕਾਂ ਦੀਆਂ ਮ੍ਰਿਤਕ ਦੇਹਾਂ ਮਿਲੀਆਂ ਹਨ, ਉਨ੍ਹਾਂ ਵਿਚ ਈਰਾਨ ਦੇ ਵਿਦੇਸ਼ ਮੰਤਰੀ ਹੁਸੈਨ ਅਮੀਰਾਬਦੁੱਲਾਹਿਅਨ (60) ਵੀ ਸ਼ਾਮਲ ਹਨ।

ਰਈਸੀ ਦੇ ਨਾਲ ਅਮੀਰਾਬਦੁੱਲਾਹਿਅਨ ਤੋਂ ਇਲਾਵਾ ਈਰਾਨ ਦੇ ਪੂਰਬੀ ਅਜ਼ਰਬੈਜਾਨ ਸੂਬੇ ਦੇ ਗਵਰਨਰ ਅਤੇ ਹੋਰ ਅਧਿਕਾਰੀ ਤੇ





ਅੰਗਰੱਖਿਅਕ ਵੀ ਯਾਤਰਾ ਕਰ ਰਹੇ ਸਨ। ਤੁਰਕੀ ਦੇ ਅਧਿਕਾਰੀਆਂ ਨੇ ਸੋਮਵਾਰ ਸਵੇਰੇ ਡਰੋਨ ਰਾਹੀਂ ਲਈ ਇਕ ਫੁਟੇਜ ਜਾਰੀ ਕੀਤੀ ਜਿਸ ਵਿਚ ਜੰਗਲ 'ਚ ਲੱਗੀ ਅੱਗ ਨਜ਼ਰ ਆਈ। ਉਨ੍ਹਾਂ ਇੱਥੇ ਹੈਲੀਕਾਪਟਰ ਦਾ ਮਲਬਾ ਹੋਣ ਦਾ ਸ਼ੱਕ ਪ੍ਰਗਟ ਕੀਤਾ। ਉਨ੍ਹਾਂ ਇਕ ਦੂਰ-ਦੁਰੇਡੇ ਦੀ ਪਹਾੜੀ 'ਤੇ ਅਜ਼ਰਬੈਜਾਨ-ਈਰਾਨ ਸਰਹੱਦ ਤੋਂ 20 ਕਿਲੋਮੀਟਰ ਦੱਖਣ 'ਚ ਅੱਗ ਲੱਗੀ ਹੋਣ ਦੀ ਜਾਣਕਾਰੀ ਦਿੱਤੀ। ਫੁਟੇਜ ਵਿਚ ਦੱਸਿਆ ਗਿਆ ਹੈ ਕਿ ਹਾਦਸੇ ਵਾਲੀ ਥਾਂ ਇਕ ਹਰਿਆਲੀ ਭਰੇ ਪਹਾੜੀ ਖੇਤਰ 'ਚ ਸਥਿਤ ਵਾਦੀ ਹੈ।

ਸਥਾਨਕ ਅਜ਼ੇਰੀ ਭਾਸ਼ਾ 'ਚ ਸੈਨਿਕਾਂ ਨੂੰ ਇਹ ਕਹਿੰਦੇ ਹੋਏ ਸੁਣਿਆ ਗਿਆ,'ਇਹ ਉਹੀ ਹੈ, ਅਸੀਂ ਇਸ ਨੂੰ ਲੱਭ ਲਿਆ ਹੈ।" ਹਾਦਸੇ ਵਿਚ ਕੋਈ ਵੀ ਵਿਅਕਤੀ ਜ਼ਿੰਦਾ ਨਹੀਂ ਬਚਿਆ। ਮਾਰੇ ਗਏ ਸਾਰੇ 9 ਵਿਅਕਤੀਆਂ ਦੀ ਗੰਭੀਰ ਤੌਰ 'ਤੇ ਸੜਨ ਦੇ ਬਾਵਜੂਦ ਪਛਾਣ ਹੋ ਗਈ ਹੈ। ਮ੍ਰਿਤਕ ਦੇਹਾਂ ਈਰਾਨ ਦੇ ਪੂਰਬੀ ਅਜ਼ਰਬੈਜਾਨ ਸੂਬੇ ਦੀ ਰਾਜਧਾਨੀ ਤਬਰੀਜ 'ਚ ਭੇਜ ਦਿੱਤੀਆਂ ਗਈਆਂ ਹਨ। ਪਤਾ ਲੱਗਾ ਹੈ ਕਿ ਤਬਰੀਜ ਦੇ ਇਕ ਸੀਨੀਅਰ ਇਮਾਮ, ਜਿਨ੍ਹਾਂ ਨੇ ਸ਼ਹਿਰ ਵਿਚ ਸ਼ੁੱਕਰਵਾਰ ਦੀ ਨਮਾਜ਼ ਦੀ ਅਗਵਾਈ ਕੀਤੀ ਸੀ, ਉਹ ਵੀ ਜਹਾਜ਼ ਵਿਚ ਸਵਾਰ ਸਨ। ਹਾਦਸੇ ਤੋਂ ਬਾਅਦ ਉਹ ਲਗਭਗ ਇਕ ਘੰਟਾ ਜ਼ਿੰਦਾ ਰਹੇ ਅਤੇ ਦਮ ਤੋੜਨ ਤੋਂ ਪਹਿਲਾਂ ਉਨ੍ਹਾਂ ਰਾਸ਼ਟਰਪਤੀ ਦਫ਼ਤਰ ਨਾਲ ਸੰਪਰਕ ਕਰ ਕੇ ਹਾਦਸੇ ਦੀ ਜਾਣਕਾਰੀ ਦਿੱਤੀ।

ਈਰਾਨ ਦੇ ਸਰਬਉੱਚ ਨੇਤਾ ਅਯਾਤੁੱਲਾ ਅਲੀ ਖਾਮੇਨੇਈ ਨੇ ਰਈਸੀ ਦੇ ਦਿਹਾਂਤ 'ਤੇ ਸੋਮਵਾਰ ਨੂੰ ਜਾਰੀ ਸ਼ੋਕ ਸੁਨੇਹੇ ਵਿਚ ਦੇਸ਼ 'ਚ 5 ਦਿਨਾਂ ਦੇ ਸਰਕਾਰੀ ਸੋਗ ਦਾ ਐਲਾਨ ਕੀਤਾ ਅਤੇ ਦੇਸ਼ ਦੇ ਪਹਿਲੇ ਉਪ-ਰਾਸ਼ਟਰਪਤੀ ਮੁਹੰਮਦ ਮੋਖਬਰ ਨੂੰ ਦੇਸ਼ ਦਾ ਕਾਰਜਕਾਰੀ ਰਾਸ਼ਟਰਪਤੀ ਨਿਯੁਕਤ ਕੀਤਾ।

ਇਸ ਤੋਂ ਪਹਿਲਾਂ ਐਤਵਾਰ ਰਾਤ ਨੂੰ ਖਾਮੇਨੇਈ ਨੇ ਲੋਕਾਂ ਨੂੰ ਦੁਆਵਾਂ ਕਰਨ ਦੀ ਅਪੀਲ ਕੀਤੀ ਸੀ ਅਤੇ ਕਿਹਾ ਸੀ ਕਿ ਈਰਾਨ ਸਰਕਾਰ ਦਾ ਕੰਮਕਾਜ ਪ੍ਰਭਾਵਿਤ ਨਹੀਂ ਹੋਵੇਗਾ। ਈਰਾਨ ਦੇ ਸੰਵਿਧਾਨ ਅਨੁਸਾਰ ਜੇ ਰਾਸ਼ਟਰਪਤੀ ਦਾ ਦਿਹਾਂਤ ਹੋ ਜਾਂਦਾ ਹੈ ਤਾਂ ਈਰਾਨ ਦਾ ਪਹਿਲਾ ਉਪ-ਰਾਸ਼ਟਰਪਤੀ ਅਹੁਦੇ ਦਾ ਭਾਰ ਸੰਭਾਲਦਾ ਹੈ। 50 ਦਿਨਾਂ ਅੰਦਰ ਨਵੇਂ ਰਾਸ਼ਟਰਪਤੀ ਲਈ ਚੋਣ ਕਰਵਾਈ ਜਾਵੇਗੀ।

# ਅਮਰੀਕਾ 'ਚ ਭਾਰਤੀ ਵਿਦਿਆਰਥੀਆਂ ਦਾ ਦਬਦਬਾ, ਅੰਕੜੇ ਕਰ ਦੇਣਗੇ ਹੈਰਾਨ

ਨਿਊਯਾਰਕ- ਅਮਰੀਕਾ ਵਿੱਚ ਭਾਰਤੀ ਵਿਦਿਆਰਥੀਆਂ ਦਾ ਦਬਦਬਾ ਵੱਧਦਾ ਜਾ ਰਿਹਾ ਹੈ। ਅਗਸਤ-ਸਤੰਬਰ ਤੋਂ ਸ਼ੁਰੂ ਹੋਣ ਵਾਲੇ 2024-25 ਦੇ ਸੈਸ਼ਨ ਵਿੱਚ ਰਿਕਾਰਡ 5.20 ਲੱਖ ਭਾਰਤੀ ਵਿਦਿਆਰਥੀ ਦਾਖਲ ਹੋਣਗੇ। ਇਹ 2023-24 ਦੇ ਮੁਕਾਬਲੇ 1 ਲੱਖ 80 ਹਜ਼ਾਰ ਯਾਨੀ 53 ਫੀਸਦੀ ਜ਼ਿਆਦਾ ਹੋਵੇਗਾ। ਓਪਨ ਡੋਰ ਆਨ ਇੰਟਰਨੈਸ਼ਨਲ ਐਜੂਕੇਸ਼ਨ ਐਕਸਚੇਂਜ ਦੀ ਰਿਪੋਰਟ ਅਨੁਸਾਰ 2023-24 ਵਿੱਚ ਭਾਰਤੀ ਵਿਦਿਆਰਥੀ ਅਮਰੀਕਾ ਵਿੱਚ ਪੜ੍ਹ ਰਹੇ ਕੁੱਲ ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਲਗਭਗ ਇੱਕ ਚੌਥਾਈ ਬਣ ਗਏ। ਅਮਰੀਕਾ 'ਚ ਵਿਦੇਸ਼ੀ ਵਿਦਿਆਰਥੀਆਂ 'ਚ ਸਭ ਤੋਂ ਜ਼ਿਆਦਾ ਭਾਰਤੀ ਹਨ। ਇੱਥੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ 2030 ਤੱਕ ਵਧ ਕੇ 10 ਲੱਖ ਹੋ ਜਾਵੇਗੀ। ਭਾਰਤੀ ਵਿਦਿਆਰਥੀ ਅਮਰੀਕੀ ਯੂਨੀਵਰਸਿਟੀਆਂ ਲਈ ਆਮਦਨ ਦਾ ਸਭ ਤੋਂ ਵੱਡਾ ਸਰੋਤ ਹਨ। ਭਾਰਤੀ ਵਿਦਿਆਰਥੀ ਯੂਨੀਵਰਸਿਟੀਆਂ ਦੁਆਰਾ ਪ੍ਰਾਪਤ ਫੀਸਾਂ ਦਾ 20% ਅਦਾ ਕਰਦੇ ਹਨ। ਉੱਚ ਸਿੱਖਿਆ ਪ੍ਰਤੀ ਅਮਰੀਕੀ ਵਿਦਿਆਰਥੀਆਂ ਵਿੱਚ ਝਿਜਕ ਹੈ। ਵਾਲ ਸਟਰੀਟ ਅਤੇ ਸ਼ਿਕਾਗੋ ਯੂਨੀਵਰਸਿਟੀ ਦੀਆਂ ਰਿਪੋਰਟਾਂ ਅਨੁਸਾਰ 10 ਸਾਲਾਂ ਵਿੱਚ ਅਮਰੀਕੀ ਵਿਦਿਆਰਥੀਆਂ ਦੇ ਦਾਖਲੇ ਵਿੱਚ 16% ਦੀ ਗਿਰਾਵਟ ਆਈ ਹੈ। ਜਦੋਂ ਕਿ ਇਸ ਸਮੇਂ ਦੌਰਾਨ ਅਮਰੀਕਾ ਦੀ ਆਬਾਦੀ ਵਿੱਚ 8% ਦਾ ਵਾਧਾ ਦਰਜ ਕੀਤਾ ਗਿਆ ਸੀ। ਰਿਪੋਰਟ ਅਨੁਸਾਰ 2030 ਤੱਕ ਅਮਰੀਕੀ ਵਿਦਿਆਰਥੀਆਂ ਦੇ ਦਾਖਲੇ ਵਿੱਚ 30% ਦੀ ਗਿਰਾਵਟ ਆਉਣ ਦੀ ਸੰਭਾਵਨਾ ਹੈ।

## ਈਰਾਨ 'ਚ 28 ਜੂਨ ਨੂੰ ਹੋਣਗੀਆਂ ਰਾਸ਼ਟਰਪਤੀ ਚੋਣਾਂ

ਤਹਿਰਾਨ (ਯੂਐਨਆਈ): ਈਰਾਨ ਦੀ ਸਰਕਾਰ ਨੇ ਸੋਮਵਾਰ ਨੂੰ ਫ਼ੈਸਲਾ ਕੀਤਾ ਕਿ ਦੇਸ਼ ਦੇ 14ਵੇਂ ਰਾਸ਼ਟਰਪਤੀ ਦੀ ਚੋਣ 28 ਜੂਨ ਨੂੰ ਹੋਵੇਗੀ। ਇਹ ਜਾਣਕਾਰੀ ਸਰਕਾਰੀ ਨਿਊਜ਼ ਏਜੰਸੀ □□□□ ਨੇ ਦਿੱਤੀ। ਖ਼ਬਰ ਵਿਚ ਕਿਹਾ ਗਿਆ ਕਿ ਇੱਕ ਮੀਟਿੰਗ ਵਿੱਚ ਚੋਣਾਂ ਦੀ ਮਿਤੀ ਨਿਰਧਾਰਤ ਕੀਤੀ ਗਈ ਜਿਸ ਵਿਚ ਈਰਾਨ ਦੇ ਪਹਿਲੇ ਉਪ-ਰਾਸ਼ਟਰਪਤੀ ਮੁਹੰਮਦ ਮੋਖਬਰ, ਨਿਆਂਪਾਲਿਕਾ ਦੇ ਮੁਖੀ ਗੁਲਾਮ ਹੁਸੈਨ ਮੋਹਸੇਨੀ-ਏਜ਼ਾਏਈ ਅਤੇ ਸੰਸਦ ਦੇ ਸਪੀਕਰ ਮੁਹੰਮਦ ਬਾਕਰ ਕਾਲੀਬਾਫ, ਕਾਨੂੰਨੀ ਮਾਮਲਿਆਂ ਦੇ ਉਪ ਪ੍ਰਧਾਨ ਮੁਹੰਮਦ ਦੇਹਕਾਨ ਅਤੇ ਈਰਾਨੀ ਸੰਵਿਧਾਨਕ ਕੌਂਸਲ ਅਤੇ ਗ੍ਰਹਿ ਮੰਤਰਾਲੇ ਦੇ ਪ੍ਰਤੀਨਿਧੀ ਸ਼ਾਮਲ ਹੋਏ। ਜ਼ਿਕਰਯੋਗ ਹੈ ਕਿ ਈਰਾਨ ਦੇ ਰਾਸ਼ਟਰਪਤੀ ਇਬਰਾਹਿਮ ਰਇਸੀ ਅਤੇ ਵਿਦੇਸ਼ ਮੰਤਰੀ ਹੁਸੈਨ ਅਮੀਰ-ਅਬਦੁੱਲਾਯਾਨ, ਉਨ੍ਹਾਂ ਦੀ ਟੀਮ ਦੇ ਕੁਝ ਮੈਂਬਰਾਂ ਸਮੇਤ ਸੋਮਵਾਰ ਸਵੇਰੇ ਮਰਨ ਦੀ ਪੁਸ਼ਟੀ ਕੀਤੀ ਗਈ ਸੀ, ਕਿਉਂਕਿ ਉਨ੍ਹਾਂ ਨੂੰ ਲਿਜਾ ਰਹੇ ਹੈਲੀਕਾਪਟਰ ਦਾ ਮਲਬਾ ਤਹਿਰਾਨ ਤੋਂ ਲਗਭਗ 670 ਕਿਲੋਮੀਟਰ ਦੂਰ ਵਰਜ਼ਾਕਾਨ ਕਾਉਂਟੀ ਨੇੜੇ ਐਤਵਾਰ ਨੂੰ ਖਰਾਬ ਮੌਸਮ ਵਿੱਚ ਹਾਦਸਾਗ੍ਰਸਤ ਹੋਣ ਤੋਂ ਬਾਅਦ ਮਿਲਿਆ ਸੀ। ਈਰਾਨੀ ਸੰਵਿਧਾਨ ਦੇ ਅਨੁਛੇਦ 131 ਅਨੁਸਾਰ ਜੇਕਰ ਰਾਸ਼ਟਰਪਤੀ ਆਪਣੇ ਫਰਜ਼ ਨਿਭਾਉਣ ਵਿੱਚ ਅਸਮਰੱਥ ਹੈ, ਤਾਂ ਪਹਿਲਾ ਉਪ ਰਾਸ਼ਟਰਪਤੀ ਉਸ ਦੇ ਫਰਜ਼ਾਂ ਨੂੰ ਪੂਰਾ ਕਰੇਗਾ। ਨਾਲ ਹੀ ਅੰਤਰਿਮ ਰਾਸ਼ਟਰਪਤੀ ਵੱਧ ਤੋਂ ਵੱਧ 50 ਦਿਨਾਂ ਦੇ ਅੰਦਰ ਨਵੇਂ ਰਾਸ਼ਟਰਪਤੀ ਦੀ ਚੋਣ ਦਾ ਪ੍ਰਬੰਧ ਕਰਨ ਲਈ ਪਾਬੰਦ ਹੈ।

# ਕਿਰਗਿਸਤਾਨ ਤੋਂ ਪਰਤੇ ਜ਼ਖ਼ਮੀ ਪਾਕਿਸਤਾਨੀ ਵਿਦਿਆਰਥੀ ਬੋਲੇ- ਸ਼ਰੀਫ ਸਰਕਾਰ ਨੇ ਸਾਨੂੰ ਉਥੇ ਮਰਨ ਲਈ ਛੱਡ ਦਿੱਤਾ ਸੀ

ਇਸਲਾਮਾਬਾਦ -ਕਿਰਗਿਸਤਾਨ ਤੋਂ ਵਿਸ਼ੇਸ਼ ਉਡਾਣਾਂ ਰਾਹੀਂ ਘਰ ਪਰਤਣ ਤੋਂ ਬਾਅਦ ਜਿਊਂਦੇ ਰਹਿਣ ਦੀ ਆਪਣੀ ਹੱਡ ਬੀਤੀ ਸੁਣਾਉਂਦਿਆਂ ਪਾਕਿਸਤਾਨੀ ਵਿਦਿਆਰਥੀਆਂ ਨੇ ਉਨ੍ਹਾਂ ਦੀ ਸੁਰੱਖਿਅਤ ਵਾਪਸੀ ਨੂੰ ਯਕੀਨੀ ਬਣਾਉਣ ਦੇ ਝੂਠੇ ਦਾਅਵੇ ਕਰਨ ਲਈ ਸ਼ਾਹਬਾਜ਼ ਸ਼ਰੀਫ ਸਰਕਾਰ ਦੀ ਆਲੋਚਨਾ ਕੀਤੀ ਹੈ। ਵਿਦਿਆਰਥੀਆਂ ਨੇ ਪਿਛਲੇ ਹਫ਼ਤੇ ਬਿਸ਼ਕੇਕ 'ਚ ਪ੍ਰਦਰਸ਼ਨਕਾਰੀ ਸਥਾਨਕ ਲੋਕਾਂ ਦੇ ਹੱਥੋਂ ਕੁੱਟਮਾਰ, ਸੱਟਾਂ ਅਤੇ ਧਮਕੀਆਂ ਦੇ ਹੈਰਾਨ ਕਰਨ ਵਾਲੇ ਬਿਰਤਾਂਤ ਸਾਂਝੇ ਕੀਤੇ। ਵਿਦਿਆਰਥੀਆਂ ਨੇ ਕਿਹਾ ਕਿ ਸ਼ਰੀਫ਼ ਸਰਕਾਰ ਨੇ ਸਾਨੂੰ ਉਥੇ ਮਰਨ ਲਈ ਛੱਡ ਦਿੱਤਾ ਸੀ।

ਪਾਕਿਸਤਾਨ ਵਾਪਸ ਭੇਜੇ ਗਏ 600 ਵਿਦਿਆਰਥੀਆਂ 'ਚੋਂ ਵਧੇਰਿਆਂ ਨੇ ਇਹ ਵੀ ਕਿਹਾ ਕਿ ਬਿਸ਼ਕੇਕ 'ਚ ਪਾਕਿਸਤਾਨੀ ਦੂਤਘਰ ਨੇ ਉਨ੍ਹਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਕੁਝ ਨਹੀਂ ਕੀਤਾ। ਲਾਹੌਰ ਹਵਾਈ ਅੱਡੇ ਦੇ ਬਾਹਰ ਇਕ ਪਾਕਿਸਤਾਨੀ ਵਿਦਿਆਰਥੀ ਨੇ ਕਿਹਾ, ਸਰਕਾਰ ਦਾ ਦਾਅਵਾ ਹੈ ਕਿ ਉਹ ਵਿਸ਼ੇਸ਼ ਉਡਾਣਾਂ ਰਾਹੀਂ ਕਿਰਗਿਸਤਾਨ ਤੋਂ ਵਿਦਿਆਰਥੀਆਂ ਨੂੰ ਵਾਪਸ ਲਿਆਉਣ ਦਾ ਸਾਰਾ ਖਰਚਾ ਚੁੱਕ ਰਹੀ ਹੈ। ਮੈਂ ਸਪੱਸ਼ਟ ਤੌਰ 'ਤੇ ਦੱਸਣਾ ਚਾਹੁੰਦਾ ਹਾਂ ਕਿ ਇਹ ਪੂਰੀ ਤਰ੍ਹਾਂ ਝੂਠ ਹੈ। ਅਸੀਂ ਟਿਕਟਾਂ ਦਾ ਕਿਰਾਇਆ ਅਸੀਂ ਖੁਦ ਅਦਾ ਕੀਤਾ ਹੈ।



# ਬੱਸ 'ਚ ਐਮਰਜੈਂਸੀ ਡੋਰ ਤੇ ਸਵਾਰੀਆ ਨਹੀ ਬਿਠਾਈ ਜਾਣੀ ਚਾਹੀਦੀ . . . ਪਲੇਨ ਦੀ ਤਰਾ ਬੱਸਾ ਵਿੱਚ ਵੀ ਯਾਤਰੀਆ ਨੂੰ ਸੇਫਟੀ ਦੀ ਜਾਣਕਾਰੀ ਦੇਣਾ ਜਰੂਰੀ ਹੋਣਾ ਚਾਹੀਦਾ

## ਮਥੁਰਾ , ਵਰਿੰਦਾਵਨ ਤੋਂ ਵਾਪਸ ਪੰਜਾਬ ਆ ਰਹੀ ਵੋਲਵੋ ਬੱਸ ਅਗਨੀਕਾਂਡ

ਨਵਾਂਸ਼ਹਿਰ 21 ਮਈ (ਜਤਿੰਦਰਪਾਲ ਸਿੰਘ ਕਲੇਰ )- ਕੁੰਡਲੀ -ਮਨਾਸੇਰ-ਪਲਵਲ -ਐਕਸਪ੍ਰੈਸ ਵੇ ਤੇ ਸ਼ੁਕਰਵਾਰ ਨੂੰ ਦੇਰ ਰਾਤ ਚੱਲਦੀ ਬੱਸ ਵਿੱਚ ਅੱਗ ਲੱਗਣ ਨਾਲ ਜਲੰਧਰ ਤੇ ਹੁਸ਼ਿਆਰਪੁਰ ਦੇ 9 ਸ਼ਰਧਾਲੂਆਂ ਦੀ ਮੌਤ ਹੋ ਗਈ ਸੀ, ਜਕਿ 28 ਲੋਕ ਬੁਰੀ ਤਰ੍ਹਾਂ ਨਾਲ ਝੁਲਸ ਗਏ। ਇਹ ਵੋਲਵੋ ਬੱਸ ਮਥੁਰਾ, ਵਰਿੰਦਾਵਨ ਤੋ ਵਾਪਸ ਪੰਜਾਬ ਆ ਰਹੀ ਸੀ। ਦੱਸਿਆ ਜਾਦਾ ਹੈ ਕਿ ਬੱਸ ਵਿੱਚ ਏ ਸੀ 'ਚ ਸ਼ਾਟ ਸ਼ਰਕਟ ਨਾਲ ਅੱਗ ਲੱਗੀ। ਦਰਵਾਜੇ ਦੇ ਕੋਲ ਅੱਗ ਲੱਗਣ ਦੇ ਕਾਰਨ ਲੋਕ ਖਿੜਕੀਆਂ ਤੋੜ ਕੇ ਬਾਹਰ ਨਿਕਲੇ । ਜਦੋ ਕਿ ਕੁਝ ਦਮ ਘੁਟਣ ਨਾਲ ਅੰਦਰ ਹੀ ਰਹਿ ਗਏ। ਜ਼ਖਮੀ ਹਾਦਸੇ ਵਿੱਚ ਬੇਬਸ ਹੀ ਨਜ਼ਰ ਆਏ।

ਇਸ ਸੰਬੰਧੀ ਬੱਸਾਂ ਦੇ ਐਕਸਪਰਟਾਂ ਤੋਂ ਜਾਣਿਆ ਕਿ ਆਖਿਰ ਕਿ ਹੈ ਬੱਸਾਂ ਵਿੱਚ ਨਿਯਮ ਤੇ ਕਿ ਹੋਰ ਹੋਣਾ ਚਾਹੀਦਾ ਤਾਂ ਕਿ ਫਿਰ ਤੋ ਯਾਤਰੀ ਅਜਿਹੇ ਹਾਦਸੇ ਦਾ ਸ਼ਿਕਾਰ ਨਾ ਹੋਣ

ਐਕਸਪਰਟ ਦਾ ਕਹਿਣਾ ਹੈ ਕਿ ਵੋਲਵੋ ਬੱਸਾ ਵਿੱਚ ਐਕਸੀਡੈਂਟ ਹੋਣ ਤੇ ਬੱਸਾਂ ਦੀ ਖਿੜਕੀ ਤੇ ਐਮਰਜੈਂਸੀ ਡੋਰ ਆਪਣੇ ਆਪ ਖੁਲ ਜਾਂਦੀ ਹੈ। ਲੇਕਿਨ ਹਰਿਆਣਾ ਵਿੱਚ ਹੋਏ ਹਾਦਸੇ ਵਿੱਚ ਏਸੀ ਸ਼ਾਟ ਸਰਕਟ ਹੋਣ ਨਾਲ ਅੱਗ ਲੱਗਣ ਦਾ ਹੈ, ਇਸ ਲਈ ਬੱਸ ਦੀ ਖਿੜਕੀ ਲਾਕ ਹੋ ਗਈ । ਨਿਯਮ ਇਹ ਹੈ ਕਿ ਬੱਸ ਵਿੱਚ ਜਿਥੇ ਵੀ ਐਮਰਜੈਂਸੀ ਡੋਰ ਹੈ ਉਥੇ ਸਵਾਰੀ ਨਹੀ ਬੈਠਣੀ ਚਾਹੀਦਾ। ਕੰਡਕਟਰ ਦੀ ਬੱਸ ਚਾਲੂ ਹੋਣ ਤੋ ਪਹਿਲਾਂ ਸਾਰੀਆਂ ਸਵਾਰੀਆ ਨੂੰ ਇਸਦੇ ਬਾਰੇ ਜਾਣਕਾਰੀ ਦੇਣਾ ਵੀ ਜਰੂਰੀ ਹੁੰਦੀ ਹੈ, ਲੇਕਿਨ ਜਾਗਰੁਕਤਾ ਦੀ ਕਮੀ ਅਤੇ ਚੈਕਿੰਗ ਨਾ ਹੋਣ ਦੀ ਵਜ੍ਹਾ ਨਾਲ ਇਸ ਨਿਯਮ ਨੂੰ ਵੀ ਫਾਲੋ ਨਹੀ ਕੀਤਾ ਜਾਂਦਾ। ਇਹੀ ਕਾਰਨ ਹੈ ਕਿ ਬੱਸ ਵਿੱਚ ਸਫਰ ਕਰ ਰਹੀ ਸਵਾਰੀਆਂ ਨੂੰ ਇਹ ਪਤਾ ਹੀ ਨਹੀ ਹੁੰਦੀ ਕਿ ਐਮਰਜੈਂਸੀ ਡੋਰ ਕਿੱਥੇ ਹੈ ਅਤੇ ਅਜਿਹੀ ਘਟਨਾ ਹੋਣ ਤੇ ਸ਼ੀਸ਼ਾ ਤੋੜਕੇ ਕਿਵੇ ਬਾਹਰ ਨਿਕਲਣਾ ਹੈ। ਜਹਾਜ਼ ਦੇ ਤਰ੍ਹਾਂ ਬੱਸਾਂ ਵਿੱਚ ਯਾਤਰੀਆਂ ਨੂੰ ਸੇਫਟੀ ਅਤੇ ਇਸਦੇ ਲਈ ਬੱਸ ਵਿੱਚ ਮੌਜੂਦ ਉਪਕਰਨਾਂ ਦੇ ਬਾਰੇ ਵਿੱਚ ਦੱਸਣਾ ਚਾਹੀਦਾ। ਡਰਾਇਵਰ , ਕੰਡਕਟਰ ਅਤੇ ਸਕੂਲ ਵਿੱਚ ਇਸਦੀ ਬਕਾਇਦਾ ਟ੍ਰੇਨਿੰਗ ਦੇਣ ਦੀ ਜਰੂਰਤ ਹੈ ਤਾਂ ਕਿ ਸਫਰ ਸ਼ੁਰੂ ਕਰਨ ਤੋ ਪਹਿਲਾ ਡਰਾਇਵਰ - ਕੰਡਕਟਰ ਬਕਾਇਦਾ ਇਕ ਮਿੰਟ ਲਗਾ ਕੇ ਯਾਤਰੀਆਂ ਨੂੰ ਇਸਦੇ ਬਾਰੇ ਵਿੱਚ ਜਾਗਰੁਕ ਕਰੇ। ਇਸਦੇ ਇਲਾਵਾ ਨਿਯਮ ਦੇ ਅਨੁਸਾਰ ਬੱਸਾਂ ਵਿੱਚ ਫਾਇਰ ਸੇਫਟੀ ਸਿਸਟਮ ਹੋਣ ਜਰੂਰੀ ਹੈ, ਲੇਕਿਨ ਇਸਦੀ ਵੀ ਸਮੇਂ ਸਮੇਂ ਤੇ ਚੇਕਿੰਗ ਨਹੀ ਹੁੰਦੀ । ਇਸ ਨੂੰ ਸਖਤੀ ਨਾਲ ਲਾਗੂ ਕਰਨ ਦੀ ਜਰੂਰਤ ਹੈ। ਬੱਸਾਂ ਵਿੱਚ ਫਸਟ ਏਡ ਕਿਟ ਹੋਣਾ ਜਰੂਰੀ ਹੈ, ਲੇਕਿਨ ਜ਼ਿਆਦਾਤਰ ਬੱਸਾ ਵਿੱਚ ਇਹ ਵੀ ਗਾਇਬ ਹੁੰਦੀ ਹੈ।

ਹੈਮਰ,ਸਿਲੰਡਰ ,ਸਾਇਰਨ, ਮੈਡੀਕਲ ਕਿਟ ਜਰੂਰੀ

ਲਗਜ਼ਰੀ ਬੱਸਾਂ ਵਿੱਚ ਅਚਾਨਕ ਚੇਤਾਵਨੀ ਸਾਇਰਨ ,ਟ੍ਰਕਿੰਗ ਉਪਕਰਨ , ਫਾਸਟ ਟੈਗ, ਮੈਡੀਕਲ ਕਿਟ ਅਤੇ ਹਰ ਸ਼ੀਸ਼ੇ ਦੇ ਕੋਲ ਹੈਮਰ , ਅੱਗ ਬੁਝਾਉਣ ਵਾਲੇ ਸਿਲੰਡਰ (ਪੰਜ ਕਿਲੋ) ਰੱਖਣੇ ਬਹੁਤ ਜਰੂਰੀ ਹੈ।




ਅੱਗ ਬੁਝਾਉਣ ਵਾਲੇ ਸਿਲੰਡਰ ਭਰਿਆ ਹੁੰਦਾ ਹੈ ਤਾਂ ਕਈ ਜਾਨਾਂ ਬੱਚ ਸਕਦੀਆਂ ਹਨ

ਹਾਦਸਿਆ ਵਿੱਚ ਸ਼ਿਕਾਰ ਲੋਕਾਂ ਨੇ ਦੱਸਿਆ ਕਿ ਬੱਸ ਵਿੱਚ ਅੱਗ ਬੁਝਾਉਣ ਵਾਲੇ ਸਿਲੰਡਰ ਖਾਲੀ ਸੀ । ਜੇਕਰ ਸਿਲੰਡਰ ਭਰਿਆਂ ਹੁੰਦਾ ਤਾਂ ਕਈ ਜਾਨਾਂ ਬੱਚ ਜਾਦੀਆਂ । ਜੇਕਰ ਬੱਸ ਦੀ ਸਮੇਂ ਤੇ ਚੈਕਿੰਗ ਹੁੰਦੀ ਤਾ ਸਿਲੰਡਰ ਖਾਲੀ ਨਾ ਹੁੰਦਾ। ਇਸਦੇ ਲਈ ਬੱਸ ਦੇ ਚਾਲਕ ਦੇ ਨਾਲ ਨਾਲ ਇਸਨੂੰ ਚੈਕ ਕਰਨ ਵਾਲੇ ਦੋਨੋ ਜਿੰਮੇਦਾਰ ਹਨ।

# ਕਾਠਗੜ੍ਹ ਪੁਲਿਸ ਨੇ ਭਾਰੀ ਮਾਤਰਾ ਵਿਚ ਫੜੀ ਲਾਹਣ




ਕਾਠਗੜ੍ਹ, 21 ਮਈ (ਜਤਿੰਦਰ ਪਾਲ ਸਿੰਘ ਕਲੇਰ ) ਪੁਲਿਸ ਚੌਕੀ ਆਸਰੋਂ ਵੱਲੋਂ ਮੁਖਬਰ ਖਾਸ ਦੀ ਇਤਲਾਹ 'ਤੇ ਭਾਰੀ ਮਾਤਰਾ ਵਿਚ ਲਾਹਣ ਫੜੇ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ।ਜਾਣਕਾਰੀ ਦਿੰਦੇ ਹੋਏ ਥਾਣਾ ਕਾਠਗੜ੍ਹ ਦੇ ਐਸ.ਐਚ.ਓ ਇੰਸਪੈਕਟਰ ਪਵਿੱਤਰ ਸਿੰਘ ਨੇ ਦੱਸਿਆ ਕਿ ਪੁਲਿਸ ਚੌਂਕੀ ਆਸਰੋਂ ਦੇ ਏ.ਐਸ.ਆਈ. ਜਰਨੈਲ ਸਿੰਘ ਪੁਲਿਸ ਪਾਰਟੀ ਸਮੇਤ ਮੇਨ ਰੋਡ 'ਤੇ ਪਿੰਡ ਰੈਲਮਾਜਰਾ ਮੌਜੂਦ ਸਨ ਤਾਂ ਇਸੇ ਦੌਰਾਨ ਬਲਾਚੌਰ ਸਰਕਲ ਦੇ ਐਕਸਾਈਜ਼ ਇੰਸਪੈਕਟਰ ਏ ਐਸ ਆਈ ਸੁਨੀਲ ਭਾਰਦਵਾਜ ਪਹੁੰਚੇ ਜਿਨ੍ਹਾਂ ਨੂੰ ਪੁਲਿਸ ਪਾਰਟੀ ਸ਼ਾਮਲ ਕੀਤਾ ਗਿਆ। ਸ਼ਾਮ 5 ਵਜੇ ਦੇ ਕਰੀਬ ਟੀਮ ਨੂੰ ਮੁਖਬਰ ਖਾਸ ਨੇ ਅਲਿਹਦਗੀ ਵਿਚ ਇਤਲਾਹ ਦਿੱਤੀ ਕਿ ਬੰਨ੍ਹ ਦਰਿਆ ਸਤਲੁਜ ਰੈਲਮਾਜਰਾ ਦੇ ਨਾਲ ਲੱਗਦੇ ਖੇਤਾਂ ਦੇ ਨਾਲ ਕਾਹੀ ਸਰਕੰਡੇ ਵਿਚ ਕਿਸੇ ਨਾਮਲੂਮ ਵਿਅਕਤੀ/ਵਿਅਕਤੀਆਂ ਵਲੋਂ ਟੋਇਆ ਪੁੱਟਕੇ ਤਰਪਾਲ ਵਿਚ ਸ਼ਰਾਬ ਕਸੀਦ ਕਰਨ ਲਈ ਲਾਹਣ ਪਾਇਆ ਹੋਇਆ ਹੈ ਜੋ ਪਰਾਲੀ ਅਤੇ ਘਾਹ-ਫੂਸ ਨਾਲ ਢਕੇ ਹੋਏ ਹਨ, ਜੇਕਰ ਹੁਣੇ ਰੇਡ ਕੀਤੀ ਜਾਵੇ ਤਾਂ ਭਾਰੀ ਮਾਤਰਾ ਵਿਚ ਲਾਹਣ ਬਰਾਮਦ ਹੋ ਸਕਦੀ ਹੈ।

ਮੁਖਬਰ ਖਾਸ ਦੀ ਇਤਲਾਹ ਮੁਤਾਬਿਕ ਪੁਲਿਸ ਪਾਰਟੀ ਨੇ ਛਾਪੇਮਾਰੀ ਕਰਕੇ 1800 ਲੀਟਰ ਨਜਾਇਜ਼ ਸ਼ਰਾਬ ਕਸੀਦ ਕਰਨ ਲਈ ਤਿਆਰ ਲਾਹਣ ਬਰਾਮਦ ਕੀਤੀ ਅਤੇ ਨਾਮਲੂਮ ਆਰੋਪੀ ਵਿਅਕਤੀ/ਵਿਅਕਤੀਆਂ 'ਤੇ ਐਕਸਾਈਜ਼ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੀ ਜਾਂਚ ਪੜਤਾਲ ਸ਼ੁਰੂ ਕਰ ਦਿੱਤੀ ਹੈ।




ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵਿੱਚ ਛਾਪੀਆਂ ਜਾਂਦੀਆ ਖ਼ਬਰਾਂ, ਰਿਪੋਰਟਾਂ , ਲੇਖ , ਕਹਾਣੀਆਂ , ਕਵਿਤਾਵਾ ਅਤੇ ਹਰ ਕਿਸਮ ਦੇ ਇਸ਼ਤਿਹਾਰ ਵਿੱਚ ਦਿੱਤੀ ਗਈ ਸੂਚਨਾ , ਵਿਚਾਰ ਆਦਿ ਨਾਲ ਅਖਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਜ਼ਰੂਰੀ ਨਹੀਂ ਹੈ । ਇਸ ਅਖਬਾਰ ਵਿੱਚ ਛੱਪੇ ਇਸ਼ਤਿਹਾਰ ( ਡਿਸਪਲੇ, ਕਲਾਸੀਫਾਈਡ ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਅਖਬਾਰ ਇੰਨਾਂ ਨੂੰ ਤਸਦੀਕ ਨਹੀਂ ਕਰਦਾ । ਪਾਠਕਾਂ/ਸ਼ੁਭ ਚਿੰਤਕਾ ਨੂੰ ਬੇਨਤੀ ਹੈ ਕਿ ਉਹ ਇੰਨਾਂ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇੰਨਾਂ ਤੱਥਾਂ ਦੀ ਪੜਤਾਲ , ਪੁਸ਼ਟੀ ਕਰ ਲੈਣ । ਰੋਜ਼ਾਨਾ ਲੋਕ ਬਾਣੀ ਚ ਪ੍ਰਕਾਸ਼ਿਤ ਸੱਮਗਰੀ ਅਤੇ ਹੋਰ ਵਾਦ-ਵਿਵਾਦ ਸਬੰਧੀ ਕੇਸਾ ਦਾ ਨਿਪਟਾਰਾ ਸਿਰਫ ਜਲੰਧਰ ਕੋਰਟ ਵਿੱਚ ਹੀ ਹੋਵੇਗਾ , ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ । ਖਬਰਾਂ ਪ੍ਰਤੀ ਜਿੰਮੇਵਾਰੀ ਸਬੰਧਤ ਪੱਤਰਕਾਰ ਦੀ ਹੋਵੇਗੀ ।

Daily Lok Bani (Punjabi) R.N.I. Punpun 29016 , 2008 Editor,Onwer , Printer, Publisher , Amandeep Mehra ,Printed at Rachna Printers , Railway Road Jalandhar Place of Publication : 308 Sangam Complex Milap Chowk , Jalandhar (India) , Contact No. : 0181-2211009 , Fax : 2211009 , Email Id : lokbani08@gmail.com